**ਜ਼ਰੂਰੀ ਸੂਚਨਾ**

ਮਾਲਵਾ ਬਾਣੀ ਵਿੱਚ ਆਪਣੇ ਸ਼ਹਿਰ ਦੀ ਖਬਰ ਭੇਜਣ ਜਾਂ ਇਸ਼ਤਿਹਾਰ ਦੇਣ ਸੰਬੰਧੀ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ।

ਮੋ: 78890-72071, 96539-55551



Rni.PUNPUN/2022/85964

# ਮਾਲਵਾ ਬਾਣੀ

E.mail. malwabani2021@gmail.com

ਸਾਲ 4 ▪ ਅੰਕ 106 ▪ 13 ਜੁਲਾਈ 2025 ▪ ਐਤਵਾਰ ▪ ਸਫ਼ੇ 08 ▪ ਮੁੱਲ 2 ਰੁਪਏ ▪ ਸ੍ਰੀ ਮੁਕਤਸਰ ਸਾਹਿਬ



**ਪੱਤਰਕਾਰਾਂ ਦੀ ਲੋੜ ਹੈ**

ਸ੍ਰੀ ਮੁਕਤਸਰ ਸਾਹਿਬ ਤੋਂ ਰੋਜਾਨਾ ਪ੍ਰਕਾਸ਼ਿਤ ਹੁੰਦੇ ਮਾਲਵਾ ਬਾਣੀ ਅਖਬਾਰ ਨੂੰ ਵੱਖ ਵੱਖ ਜਿਲ੍ਹਿਆਂ ਵਿੱਚੋਂ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਬਣਨ ਲਈ ਸੰਪਰਕ ਕਰਨ।

ਮੋ. 78890-72071


## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੇ ਦੋਸ਼ 'ਚ ਤਿੰਨ ਨਾਮਜਦ

**ਸ੍ਰੀ ਮੁਕਤਸਰ ਸਾਹਿਬ 12 ਜੁਲਾਈ (ਰਵੀਨਾ ਅਰੋੜਾ)** ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੇ ਦੋਸ਼ 'ਚ ਤਿੰਨ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਹੈ, ਜਿਨ੍ਹਾਂ ਦੀ ਗ੍ਰਿਫਤਾਰੀ ਬਾਕੀ ਹੈ। ਇਸ ਸਬੰਧੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਬਲਦੇਵ ਸਿੰਘ ਮੈਨੇਜਰ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਬੀਤੇ ਦਿਨੀਂ ਡੇਰਾ ਗਿਆਨ ਦਾਸ ਪਿੰਡ ਕਾਉਣੀ ਦੇ ਮੁੱਖ ਸੇਵਾਦਾਰ ਸੁਖਦੇਵ ਦਾਸ ਨੇ ਕਰਨਦੀਪ ਸਿੰਘ ਵਾਸੀ ਪਿੰਡ ਕਾਉਣੀ ਅਤੇ ਉਸਦੇ ਪਿਤਾ ਸੁਖਚੈਨ ਸਿੰਘ ਨੇ ਆਪਣੇ ਨਵੇਂ ਖੋਲੇ ਗਏ ਇਕ ਸੈਲੂਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਨੂੰ ਕਰੀਬ 8 ਵਜੇ ਸਵੇਰੇ ਛੋਟੇ ਹਾਥੀ ਤੇ ਲਿਆਂਦਾ, ਜਦੋਂ ਸਮਾਰੋਹ ਦੀ ਸਮਾਪਤੀ ਹੋਈ ਤਾਂ ਇਕ ਵਿਅਕਤੀ ਨੇ ਛੋਟੇ ਹਾਥੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਰੱਖੇ ਹੋਏ ਦੀ ਫੋਟੋ ਖਿੱਚ ਕੇ ਨਿਰਮਲਜੀਤ ਸਿੰਘ ਅਡੀਸ਼ਨਲ ਮੈਨੇਜਰ ਨੂੰ ਭੇਜੀ। ਫੋਟੋਆਂ 'ਚ ਦੇਖਿਆ ਗਿਆ ਕਿ ਗੁਰੂ ਸਾਹਿਬ ਜੀ ਨੂੰ ਸਤਿਕਾਰਯੋਗ ਨਹੀਂ ਰੱਖਿਆ ਹੋਇਆ ਸੀ। ਜਿਸਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਮੁਕਤਸਰ ਸਾਹਿਬ ਵਲੋਂ ਮੌਕੇ ਤੇ ਪਹੁੰਚ ਕੇ ਦਰਬਾਰ ਸਾਹਿਬ ਦੀ ਗੱਡੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਲੈ ਕੇ ਗੁਰਦੁਆਰਾ ਸ਼੍ਰੀ ਤਰਨਤਾਰਨ ਸਾਹਿਬ ਬਠਿੰਡਾ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਬਿਰਾਜਮਾਨ ਕਰ ਦਿੱਤਾ ਗਿਆ। ਜਿਸਤੇ ਮੈਂ ਪਿੰਡ ਕਾਉਣੀ ਵਿਖੇ ਪਹੁੰਚ ਕੇ ਡੇਰੇ ਦੇ ਹਾਲਾਤ ਦੇਖੇ , ਜਿਥੇ ਦੇਖਿਆ ਕਿ ਆਮ ਘਰਾਂ ਦਾ ਜਿਹੜਾ ਸਟੋਰ ਹੁੰਦਾ ਹੈ, ਉਸੇ ਤਰ੍ਹਾਂ ਦਾ ਹੀ ਇਹ ਰੂਮ ਕਬਾੜ ਦੀ ਤਰ੍ਹਾਂ ਸੀ, ਉਸ ਵਿਚੋਂ ਬਣੀ ਅਲਮਾਰੀ ਦੇ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਾਗ ਨੰਬਰ 1 ਅਤੇ ਨੰਬਰ 2 ਅਤੇ ਸ਼ਬਦਾਰਥ ਪੋਥੀ, ਸੁੰਦਰ ਗੁੱਟਕਾ, ਨਿੱਤਨੇਮ ਗੁੱਟਕਾ ਸਾਹਿਬ ਬਰਾਮਦ ਹੋਏ। ਉਸ ਉਪਰੰਤ ਜਥੇਦਾਰ ਨਵਤੇਜ ਸਿੰਘ ਕਾਉਣੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਿੰਡ ਦੀਆਂ ਸੰਗਤਾਂ ਦੀ ਹਾਜਰੀ ਵਿਚ ਇਹ ਸਾਰੀਆਂ ਪੋਥੀਆਂ ਅਤੇ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਮਰਿਆਦਾ ਅਨੁਸਾਰ ਸੇਵਾ ਨਾ ਹੋਣ ਕਾਰਨ ਸ੍ਰੀ ਗੁਰਦੁਆਰਾ ਸਾਹਿਬ ਗੁਰੂਸਰ ਪਿੰਡ ਕਾਉਣੀ ਵਿਖੇ ਬਣੇ ਸੱਚ ਖੰਡ ਵਿਚ ਬਿਰਾਜਮਾਨ ਕਰਵਾ ਦਿੱਤਾ ਗਿਆ। ਸ਼ਿਕਾਇਤਕਰਤਾ ਨੇ ਕਿਹਾ ਕਿ ਸੁਖਦੇਵ ਦਾਸ, ਕਰਨਵੀਰ ਸਿੰਘ ਅਤੇ ਸੁਖਚੈਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਕੀਤਾ ਹੈ। ਜਿਸਤੇ ਪੁਲਿਸ ਨੇ ਕਰਨਦੀਪ ਸਿੰਘ, ਉਸਦੇ ਪਿਤਾ ਸੁਖਚੈਨ ਸਿੰਘ ਅਤੇ ਸੁਖਦੇਵ ਦਾਸ ਮੁੱਖ ਸੇਵਾਦਾਰ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ, ਜਿਨ੍ਹਾਂ ਦੀ ਗ੍ਰਿਫਤਾਰੀ ਬਾਕੀ ਹੈ।

## ਪੋਲ ਚੋਰੀ ਕਰਨ ਅਤੇ ਜਗ੍ਹਾਂ ਤੇ ਕਬਜਾ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ 6 ਨਾਮਜਦ ਅਤੇ 5 ਅਣਪਛਾਤਿਆਂ ਵਿਰੁੱਧ ਮਾਮਲਾ ਦਰਜ

**ਸ੍ਰੀ ਮੁਕਤਸਰ ਸਾਹਿਬ 12 ਜੁਲਾਈ (ਰਵੀਨਾ ਅਰੋੜਾ)** ਪੋਲ ਚੋਰੀ ਕਰਨ ਅਤੇ ਜਗ੍ਹਾਂ ਤੇ ਕਬਜਾ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਨੇ 6 ਨਾਮਜਦ ਅਤੇ 5 ਅਣਪਛਾਤਿਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ, ਇਸ ਮਾਮਲੇ 'ਚ ਇਕ ਦੋਸ਼ੀ ਦੀ ਗ੍ਰਿਫਾਤਰੀ ਹੋ ਚੁੱਕੀ ਹੈ। ਇਸ ਸੰਬੰਧੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਗੁਰਜੀਤ ਸਿੰਘ ਵਾਸੀ ਚੱਕ ਅਟਾਰੀ ਸਦਰਵਾਲਾ (ਸੋਹਣੇਵਾਲਾ) ਨੇ ਦੱਸਿਆ ਕਿ ਉਸਨੇ ਅਤੇ ਉਸਦੇ ਭਰਾ ਨੇ ਰੂੜੀ ਸੁੱਟਣ ਲਈ ਆਪਣੇ ਘਰ ਦੇ ਸਾਹਮਣੇ ਥਾਂ ਦੀ ਖਰੀਦ ਕੀਤੀ ਸੀ ਜਿਸਦੀ ਨਿਸ਼ਾਨਦੇਹੀ ਦਰਖਾਸਤ ਦੇ ਕੇ ਮਾਲ ਵਿਭਾਗ ਪਾਸੋਂ ਕਰਵਾਈ ਸੀ ਜਿਸਤੇ ਪੋਲ ਲਗਾਏ ਗਏ ਸਨ ਅਤੇ ਕਬਜਾ ਮਾਲ ਵਿਭਾਗ ਪਾਸੋਂ ਸਾਨੂੰ ਦੇ ਦਿੱਤਾ ਗਿਆ ਸੀ। ਬੀਤੇ ਦਿਨੀਂ ਗੁਰਮੀਤ ਸਿੰਘ, ਸਲਿੰਦਰਜੀਤ ਸਿੰਘ ਵਾਸੀ ਚੱਕ ਅਟਾਰੀ ਸਦਵਾਲਾ, ਮਲਕੀਤ ਸਿੰਘ ਵਾਸੀ ਚੱਕ ਬਧਾਈ, ਗੁਲਬਾਗ ਸਿੰਘ ਵਾਸੀ ਚੱਕ ਅਟਾਰੀ ਸਦਰਵਾਲਾ, ਲਵਪ੍ਰੀਤ ਸਿੰਘ, ਸਤਵਿੰਦਰ ਸਿੰਘ ਵਾਸੀ ਅਟਾਰੀ ਸਦਰਵਾਲਾ ਅਤੇ 4-5 ਅਣਪਛਾਤੇ ਵਿਅਕਤੀ ਜਿਨ੍ਹਾਂ ਦੇ ਹੱਥ 'ਚ ਮਾਰੂ ਹਥਿਆਰ ਸਨ, ਉਕਤ ਨਿਸ਼ਾਨਦੇਹੀ ਵਾਲੀ ਥਾਂ ਤੇ ਲਗਾਏ ਪੋਲ ਪੁੱਟ ਕੇ ਚੋਰੀ ਕਰਕੇ ਲੈ ਗਏ ਅਤੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ, ਜਿਸਤੇ ਪੁਲਿਸ ਨੇ ਉਕਤ ਸਾਰੇ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਇਨ੍ਹਾਂ ਵਿਚੋਂ ਗੁਲਬਾਗ ਸਿੰਘ ਦੀ ਗ੍ਰਿਫਤਾਰੀ ਹੋ ਚੁੱਕੀ ਹੈ, ਜਦਕਿ ਬਾਕੀਆਂ ਦੀ ਗ੍ਰਿਫਤਾਰੀ ਬਾਕੀ ਹੈ।

## ਜ਼ੀਰਕਪੁਰ ਦੇ ਬਲਟਾਣਾ 'ਚ ਵਿਸ਼ਾਲੀ ਇਨਕਲੇਵ ਵਿੱਚ ਬਿਜਲੀ ਵੋਲਟੇਜ ਵਧਣ ਨਾਲ ਘਰਾਂ ਦੇ ਬਿਜਲੀ ਮੀਟਰ ਅਤੇ ਹੋਰ ਉਪਕਰਨ ਸੜੇ, ਲੋਕਾਂ 'ਚ ਰੋਸ

### ਲੋਕਾਂ ਦਾ ਬਿਜਲੀ ਉਪਕਰਨਾਂ ਦਾ ਹੋਇਆ ਭਾਰੀ ਆਰਥਿਕ ਨੁਕਸਾਨ, ਬਿਜਲੀ ਵਿਭਾਗ ਖਿਲਾਫ ਕੀਤੀ ਨਾਅਰੇਬਾਜ਼ੀ ਅਤੇ ਰੋਸ ਪ੍ਰਦਰਸ਼ਨ



**ਜੀਰਕਪੁਰ 12 ਜੁਲਾਈ (ਮੇਸ਼ੀ)** ਜ਼ੀਰਕਪੁਰ ਦੇ ਬਲਟਾਨਾ ਫੇਜ਼ 2 ਵਿਸ਼ਾਲੀ ਇਨਕਲੇਵ ਵਿੱਚ ਬਿਜਲੀ ਸਪਲਾਈ ਹਾਈਵੋਲਟਜ ਹੋਣ ਕਾਰਨ ਲੋਕਾਂ ਦੇ ਬਿਜਲੀ ਉਪਕਰਣ ਸੜਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਰਾਮੂ ਮੌਰੀਆ ਨੇ ਦੱਸਿਆ ਕਿ ਬਲਟਾਨਾ ਦੇ ਵਿਸ਼ਾਲੀ ਇਨਕਲੇਵ ਫੇਜ ਟੂ ਵਿੱਚ ਬਿਜਲੀ ਸਪਲਾਈ ਵਧਣ ਅਤੇ ਟੂ ਫੇਸ ਹੋਣ ਕਾਰਨ ਇਕਦਮ ਬਿਜਲੀ ਵੱਧ ਆਉਣ ਕਰਕੇ ਜਿੱਥੇ ਸਬੰਧਤ ਘਰਾਂ ਵਿੱਚ ਏ ਸੀ, ਰੀਫੇਜਰੇਟਰ, ਪਾਣੀ ਦੀ ਮੋਟਰ ਅਤੇ ਮੀਟਰ ਹੋਰ ਉਪਕਰਣ ਸੜਨ ਨਾਲ ਭਾਰੀ ਨੁਕਸਾਨ ਹੋਇਆ ਹੈ। ਉੱਥੇ ਹੀ ਪਰੇਸ਼ਾਨੀ ਦਾ ਆਲਮ ਵੀ ਵੇਖਣ ਨੂੰ ਮਿਲਿਆ, ਕਿਉਂਕਿ ਜਦ ਬਿਜਲੀ ਦੀ ਵੋਲਟੇਜ ਇੱਕਦਮ ਵਧੀ ਅਤੇ ਘਟਨ ਨਾਲ ਉਪਕਰਨ ਸੜਣ ਲਗੇ, ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਹੋਇਆ, ਤਾਂ ਤੁਰੰਤ ਬਿਜਲੀ ਵਿਭਾਗ ਦੇ ਸਬੰਧਤ ਕਰਮਚਾਰੀਆਂ ਨੇ ਸੂਚਿਤ ਕੀਤਾ ਗਿਆ ਪਰ ਕਿਸੇ ਕਿਸਮ ਦੀ ਕੋਈ ਕਾਰਵਾਈ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ ਹੋਏ। ਜਿਸ ਵਜੋਂ ਪੰਜਾਬ ਸਰਕਾਰ ਖਿਲਾਫ ਲੋਕਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਬਿਜਲੀ ਵਿਭਾਗ ਪਾਵਰਕਾਮ ਦੇ ਉੱਚ ਅਧਿਕਾਰੀਆਂ ਅਤੇ ਮੁਲਾਜ਼ਮਾਂ ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਇੱਥੋਂ ਦੇ ਲੋਕਾਂ ਦਾ ਕਹਿਣਾ ਹੈ ਕਿ ਬਿਜਲੀ ਵਿਭਾਗ ਨੂੰ ਸੂਚਿਤ ਕੀਤਾ ਗਿਆ ਅਤੇ ਦਿੱਤੇ ਹੋਏ ਆਨਲਾਈਨ ਨੰਬਰਾਂ ਤੇ ਸ਼ਿਕਾਇਤ ਵੀ ਦਰਜ ਕਰਵਾਈ ਗਈ, ਪਰ ਹੁਣ ਤੱਕ ਕੋਈ ਵੀ ਵਿਭਾਗ ਦਾ ਅਧਿਕਾਰੀ ਵਿਸ਼ਾਲੀ ਇਨਕਲੇਬ ਵਿਖੇ ਨਹੀਂ ਪੁੱਜਿਆ। ਲੋਕਾਂ ਨੇ ਮੰਗ ਕੀਤੀ ਹੈ ਕਿ ਬਿਜਲੀ ਮਹਿਕਮੇ ਦੀ ਬਿਜਲੀ ਸਪਲਾਈ ਵਿੱਚ ਵਿਘਨ ਪੈਣ ਕਾਰਨ ਉਹਨਾਂ ਦੇ ਘਰ ਬਿਜਲੀ ਵਰਤੋ ਨਾਲ ਸਮਾਨ ਸੜਨ ਕਰਕੇ ਲੱਖਾਂ ਦਾ ਜੋ ਨੁਕਸਾਨ ਹੋਇਆ ਹੈ ਉਸਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਬਿਜਲੀ ਸਪਲਾਈ ਨੂੰ ਦਰੁਸਤ ਕੀਤਾ ਜਾਵੇ। ਰਾਮੂ ਮੌਰੀਆ, ਰਾਮਜਸ਼, ਸ਼ੇਸ਼ਨਾਥ ਉਪਾਦਿਆ, ਸੰਜੀਵ ਕੁਮਾਰ, ਨੀਲੂ, ਅਸ਼ੋਕ ਕੁਮਾਰ ਆਦਿ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਸਨ।

## ਕਰੰਟ ਲੱਗਣ ਨਾਲ ਨੌਜਵਾਨ ਦੀ ਹੋਈ ਮੌਤ

**ਪਾਤੜਾਂ 12 ਜੁਲਾਈ (ਜਸਵਿੰਦਰ ਸਿੰਘ ਪਾਰਸ)** ਲੰਘੇ ਦਿਨ ਇੱਕ ਕਿਸਾਨ ਪਰਿਵਾਰ ਨਾਲ ਉਸ ਵੇਲੇ ਦਰਦਨਾਕ ਹਾਦਸਾ ਵਾਪਰ ਗਿਆ ਜਦੋਂ ਉਹਨਾਂ ਦਾ ਨੌਜਵਾਨ ਪੁੱਤਰ ਇੰਨਵਰਟਰ ਦੀ ਸਪਲਾਈ ਸਹੀ ਕਰਨ ਵੇਲੇ ਕਰੰਟ ਦੀ ਲਪੇਟ ਵਿੱਚ ਆ ਕੇ ਉਸ ਦੀ ਮੌਤ ਹੋ ਗਈ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਿੰਡ ਸਧਾਰਨਪੁਰ ਡੇਰਾ ਬੀਕਾਨੇਰੀਆ ਵਿਖੇ ਨੌਜਵਾਨ ਗੁਰਪਿੰਦਰ ਸਿੰਘ ਪੁੱਤਰ ਬਿੰਦਰ ਸਿੰਘ ਬਾਰਸ਼ ਕਾਰਨ ਖਰਾਬ ਹੋਈ ਬਿਜਲੀ ਨੂੰ ਚਾਲੂ ਕਰਨ ਵੇਲੇ ਇੰਨਵਰਟਰ ਦੇ ਕਰੰਟ ਦੀ ਲਪੇਟ ਵਿੱਚ ਆ ਗਿਆ ਪਰਿਵਾਰਿਕ ਮੈਂਬਰ ਉਸ ਨੂੰ



ਤੁਰੰਤ ਹਸਪਤਾਲ ਲੈ ਕੇ ਜਾ ਰਹੇ ਸਨ ਕਿ ਉਸ ਦੀ ਰਸਤੇ ਵਿੱਚ ਹੀ ਮੌਤ ਹੋ ਗਈ। ਨੌਜਵਾਨ ਗੁਰਪਿੰਦਰ ਸਿੰਘ ਆਪਣੇ ਪਿੱਛੇ ਪਤਨੀ ਸਮੇਤ ਨਿੱਕੇ ਨਿੱਕੇ ਦੋ ਮਾਸੂਮ ਬੱਚੇ ਛੱਡ ਗਿਆ ਹੈ ਪਿੰਡ ਦੇ ਮੋਹਤਵਾਰ ਲੋਕਾਂ ਵੱਲੋਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਿਸਾਨ ਪਰਿਵਾਰ ਦੀ ਆਰਥਿਕ ਮਦਦ ਕੀਤੀ ਜਾਵੇ।

## ਪਰਲਜ਼ ਗਰੁੱਪ ਘੁਟਾਲੇ ਵਿੱਚ ਯੂ ਪੀ ਪੁਲੀਸ ਵੱਲੋਂ ਕਿਸਾਨ ਆਗੂ ਗੁਰਨਾਮ ਸਿੰਘ ਜੱਸੜਾਂ ਗ੍ਰਿਫਤਾਰ

### *ਗੁਰਨਾਮ ਸਿੰਘ ਜੱਸੜਾਂ ਕੰਪਨੀ ਦੇ ਡਾਇਰੈਕਟਰ ਰਹਿ ਚੁੱਕੇ ਹਨ*

**ਚਮਕੌਰ ਸਾਹਿਬ, 12 ਜੁਲਾਈ (ਅਮਰਜੀਤ ਸਿੰਘ ਕਲਸੀ)** ਦੇਸ਼ ਦੇ ਪਰਲਜ਼ ਗਰੁੱਪ ਘੁਟਾਲੇ ਵਿੱਚ ਯੂ ਪੀ ਪੁਲੀਸ ਨਜ਼ਦੀਕੀ ਪਿੰਡ ਜੱਸੜਾਂ ਦੇ ਕਿਸਾਨ ਆਗੂ ਗੁਰਨਾਮ ਸਿੰਘ ਜੱਸੜਾਂ ਨੂੰ ਬੀਤੇ ਦਿਨ ਗ੍ਰਿਫਤਾਰ ਕਰਕੇ ਆਪਣੇ ਨਾਲ ਲੈ ਗਈ ਹੈ। ਜਾਣਕਾਰੀ ਅਨੁਸਾਰ ਸੰਨ 2018 ਵਿੱਚ ਉੱਤਰ ਪ੍ਰਦੇਸ਼ ਦੇ ਕਾਨਪੁਰ ਵਿਖੇ ਦਰਜ ਕੇਸ ਵਿੱਚ ਯੂ ਪੀ ਪੁਲੀਸ ਬੀਤੇ ਦਿਨ ਕਿਸਾਨ ਆਗੂ ਗੁਰਨਾਮ ਸਿੰਘ ਦੇ ਪਿੰਡ ਜੱਸੜਾਂ ਤਹਿਸੀਲ ਚਮਕੌਰ ਸਾਹਿਬ ਵਿਖੇ ਤਫਤੀਸ਼ ਕਰਨ ਲਈ ਆਈ ਸੀ, ਉਸ ਸਮੇਂ ਗੁਰਨਾਮ ਸਿੰਘ ਜੱਸੜਾਂ ਆਪਣੇ ਘਰ ਵਿੱਚ ਮੌਜੂਦ ਸਨ। ਪੁਲੀਸ ਪਰਿਵਾਰ ਨੂੰ ਦਰਜ ਕੇਸ ਵਿੱਚ ਪੁੱਛ ਪੜਤਾਲ ਕਰਨ ਲਈ ਕਹਿ ਕੇ ਆਪਣੇ ਨਾਲ ਲੈ ਗਈ । ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਯੂ ਪੀ ਪੁਲੀਸ ਕਿਹੜੇ ਕੇਸ ਵਿੱਚ ਅਤੇ ਕਿੱਥੇ ਲੈ ਕੇ ਗਏ ਹਨ, ਉਨ੍ਹਾਂ ਨੂੰ ਨਹੀਂ ਦੱਸਿਆ ਗਿਆ। ਇਸ ਤੋਂ ਪਹਿਲਾ ਵੀ



ਗੁਰਨਾਮ ਸਿੰਘ ਕਈ ਮਹੀਨੇ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਸਜਾ ਕੱਟ ਕੇ ਆਏ ਸਨ। ਜਾਣਕਾਰੀ ਅਨੁਸਾਰ ਗੁਰਨਾਮ ਸਿੰਘ ਜੱਸੜਾਂ ਨੂੰ ਯੂ ਪੀ ਪੁਲੀਸ ਪਰਲਜ਼ ਗਰੁੱਪ ਘੁਟਾਲੇ ਵਿੱਚ ਨਾਮਜ਼ਦ ਹੋਣ ਕਾਰਨ ਗ੍ਰਿਫਤਾਰ ਕਰਕੇ ਲੈ ਗਈ ਹੈ, ਕਿਉਂਕਿ ਗੁਰਨਾਮ ਸਿੰਘ ਜੱਸੜਾਂ ਪਰਲਜ਼ ਗਰੁੱਪ ਦੇ ਡਾਇਰੈਕਟਰ ਰਹੇ ਹਨ। ਜਦੋਂ ਕਿ ਪਰਲਜ਼ ਗਰੁੱਪ ਦੇ ਐਮ ਡੀ ਨਿਰਮਲ ਸਿੰਘ ਭੰਗੂ ,ਜਿਨ੍ਹਾਂ ਦੀ ਪਿਛਲੇ ਸਾਲ ਮੌਤ ਹੋ ਗਈ ਸੀ, ਦਾ ਵੀ ਪਿੰਡ ਜੱਸੜਾਂ ਦੇ ਬਿਲਕੁਲ ਨੇੜੇ ਪਿੰਡ ਅਟਾਰੀ ਹੈ। ਸਵਰਗੀ ਨਿਰਮਲ ਸਿੰਘ ਭੰਗੂ ਦੇ ਇੱਕ ਬੇਟਾ ਅਤੇ ਦੋ ਬੇਟੀਆਂ ਹਨ, ਜਿਨ੍ਹਾਂ ਵਿੱਚੋਂ ਕੁੱਝ ਸਾਲ ਪਹਿਲਾ ਬੇਟੇ ਦੀ ਵੀ ਮੌਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਭਰਾ ਨਛੱਤਰ ਸਿੰਘ ਭੰਗੂ ਦੀ ਪਿਛਲੇ ਸਾਲ ਮੌਤ ਹੋ ਚੁੱਕੀ ਹੈ , ਜਦੋਂ ਕਿ ਉਕਤ ਦੋਵੇਂ ਭੰਗੂ ਪਰਿਵਾਰ ਬਹੁਤ ਸਾਲਾਂ ਤੋਂ ਮੁਹਾਲੀ ਵਿਖੇ ਹੀ ਰਹਿ ਰਹੇ ਹਨ।

## ਨਗਰ ਕੌਂਸਲ ਦੀ ਨਲਾਇਕੀ- ਨਾਭਾ ਸ਼ਹਿਰ 'ਚ ਗੰਦੇ ਨਾਲੇ ਦਾ ਢੱਕਣ ਨਾਂ ਹੋਣ ਕਾਰਨ ਨਾਲੇ ਵਿਚ ਡਿੱਗੀ ਔਰਤ, ਹਸਪਤਾਲ 'ਚ ਦਾਖਲ

**ਨਾਭਾ 12 ਜੁਲਾਈ (ਤਰੁਣ ਮਹਿਤਾਂ)** ਨਗਰ ਕੌਂਸਲ ਨਾਭਾ ਦੀ ਵੱਡੀ ਨਾਲਾਇਕੀ ਸਾਹਮਣੇ ਆਈ ਹੈ ਵਾਰਡ ਨੰਬਰ ਸੱਤ ਦੇ ਵਿੱਚ ਆਪਦੇ ਘਰ ਵੱਲ ਨੂੰ ਬੱਚੇ ਸਮੇਤ ਜਾ ਰਹੀਆਂ ਔਰਤਾਂ ਵਿੱਚੋਂ ਇੱਕ ਔਰਤ ਗੰਦੇ ਨਾਲੇ ਦੇ ਵਿੱਚ ਗਿਰੀ, ਜਿਸ ਦੀ ਡੂੰਗਾਈ ਛੇ ਤੋਂ ਸੱਤ ਫੁੱਟ ਦੱਸੀ ਜਾ ਰਹੀ ਹੈ।, ਇਸ ਨਾਲੇ ਦੇ ਉੱਪਰ ਢੱਕਣ ਦੇ ਲਈ ਨਗਰ ਕੌਂਸਲ ਕਮੇਟੀ ਵੱਲੋਂ ਪਿਛਲੇ ਕਈ ਸਾਲਾਂ ਤੋਂ ਢੱਕਣ ਨਹੀਂ ਰੱਖੇ ਗਏ, ਔਰਤ ਦੀ ਗੰਦੇ ਨਾਲੇ ਵਿੱਚ ਗਿਰਦੇ ਸਮੇਂ ਸੀਸੀਟੀ ਫੁਟੇਜ ਆਈ ਸਾਹਮਣੇ। ਔਰਤ ਪਟਿਆਲਾ ਦੇ ਇੱਕ ਨਿੱਜੀ ਹਸਪਤਾਲ ਚ ਜੇਰੇ ਇਲਾਜ, ਪੀੜਿਤ ਔਰਤ ਦੀ ਲੜਕੀ ਅਤੇ ਪਤੀ ਨੇ ਦੱਸਿਆ ਕਿ ਇਹ ਨਗਰ ਕੌਂਸਲ ਦੀ ਵੱਡੀ ਨਲਾਇਕੀ ਹੈ ਜੇਕਰ ਸਾਡਾ ਬੱਚਾ ਨਾਲੇ ਚ ਗਿਰ ਜਾਂਦਾ ਤਾਂ ਸਾਡਾ ਕੁਝ ਨਹੀਂ ਸੀ




ਬਚਣਾ ਅਔਰਤ ਨੂੰ ਮੌਕੇ ਤੇ ਲੋਕਾਂ ਨੇ ਨਾਲੇ ਤੋਂ ਬਾਹਰ ਕੱਢਿਆ।

ਵਾਰਡ ਨੰਬਰ 7 ਦੇ ਲੋਕਾਂ ਨੇ ਇਕੱਠੇ ਹੋ ਕੇ ਨਗਰ ਕੌਂਸਲ ਕਮੇਟੀ ਤੇ ਸਵਾਲ ਚੁੱਕੇ ਨੇ ਕਿ ਪਿਛਲੇ ਕਈ ਸਾਲਾਂ ਤੋਂ ਇਹੀ ਹਾਲਾਤ ਇਸ ਗੰਦੇ ਨਾਲੇ ਦੇ ਹਨ, ਇਸ ਸਬੰਧੀ ਕਾਰਜ ਸਾਧਕ ਅਫਸਰ ਸ਼ਰੇਆਮ ਝੂਠ ਬੋਲਦੇ ਨਜ਼ਰ ਆਏ ਕਹਿਣ ਲੱਗੇ ਸਫਾਈ ਚੱਲ ਰਹੀ ਸੀ ਢੱਕਣ ਚੁੱਕੇ ਹੋਏ ਸਨ ਪਰ ਕੈਮਰੇ ਦੀਆਂ ਤਸਵੀਰਾਂ ਸੱਚ ਬੋਲ ਰਹੀਆਂ ਸਨ। ਕੋਈ ਸਫਾਈ ਨਹੀਂ ਸੀ ਅਤੇ ਨਾ ਹੀ ਨੇੜੇ ਤੇੜੇ ਕੋਈ ਢੱਕਣ ਸੀ।

## ਘੱਗਾ ਪੁਲਿਸ ਨੇ 40 ਕਿਲੋ ਚੂਰਾ ਪੋਸਤ ਸਮੇਤ ਦੋ ਤਸਕਰਾਂ ਨੂੰ ਕੀਤਾ ਗਿਰਫਤਾਰ






**ਪਾਤੜਾਂ 12 ਜੁਲਾਈ (ਜਸਵਿੰਦਰ ਸਿੰਘ ਪਾਰਸ)** ਮਿਲੀ ਜਾਣਕਾਰੀ ਅਨੁਸਾਰ ਥਾਣਾ ਘੱਗਾ ਦੇ ਇੰਚਾਰਜ ਸਬ ਇੰਸਪੈਕਟਰ ਯਸਪਾਲ ਸ਼ਰਮਾ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਸ਼ੇਰ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਘੱਗਾ ਮੇਨ ਰੋਡ ਰਾਹੀਂ ਪਿੰਡ ਦਫ਼ਤਰੀਵਾਲਾ ਸਾਈਡ ਵੱਲ ਜਾ ਰਹੇ ਸਨ ।ਜਦੋਂ ਪੁਲਸ ਪਾਰਟੀ ਨਵੇਂ ਬਣ ਰਹੇ ਹਾਈਵੇ ਜੰਮੂ ਕਟੜਾ ਦੇ ਪੁਲ ਹੇਠਾਂ ਪੁੱਜੀ ਤਾਂ ਚੜਦੇ ਪਾਸੇ ਵਾਲੀ ਸਾਈਡ ਜੰਮੂ ਕਟੜਾ ਰੋਡ ਤੇ ਚੜ੍ਹਨ ਲਈ ਬਣੀ ਸੜਕ ਤੇ ਇਕ ਟਰੱਕ ਨੰਬਰ ਪੀ ਬੀ 11 ਸੀ ਵਾਈ -8978 ਲੋਡ ਸ਼ੁਦਾ ਖੜ੍ਹਾ ਸੀ । ਜਿਸ ਵਿਚੋਂ ਇਕ ਮੋਨਾ ਵਿਅਕਤੀ ਹੇਠਾਂ ਖੜ੍ਹੇ ਸਰਦਾਰ ਵਿਅਕਤੀ ਨੂੰ ਇੱਕ ਵਜ਼ਨਦਾਰ ਥੈਲਾ ਫੜਾ ਰਿਹਾ ਸੀ । ਜਿਸ ਨੇ ਪੁਲਸ ਪਾਰਟੀ ਨੂੰ ਵੇਖਦਿਆਂ ਘਬਰਾ ਕੇ ਉਹ ਥੈਲਾ ਟਰੱਕ ਦੇ ਕੈਬਿਨ ਵਿਚ ਖਿੱਚ ਲਿਆ ।ਪੁਲਸ ਨੇ ਹੇਠਾਂ ਖੜ੍ਹੇ ਵਿਅਕਤੀ ਨੂੰ ਕਾਬੂ ਕਰਕੇ ਉਸ ਦਾ ਨਾਮ ਵਗੈਰਾ ਪੁੱਛਿਆ ਤਾਂ ਉਸ ਨੇ ਆਪਣਾ ਨਾਂ ਹਰਦੀਪ ਸਿੰਘ ਵਾਸੀ ਪਿੰਡ ਲਾਲਵਾ ਥਾਣਾ ਪਾਤੜਾਂ ਦੱਸਿਆ । ਜਦ ਕਿ ਟਰੱਕ ਵਿਚ ਬੈਠੇ ਮੋਨੇ ਵਿਅਕਤੀ ਨੇ ਆਪਣਾ ਨਾਂ ਅਜੇ ਕੁਮਾਰ ਵਾਸੀ ਡੋਲਖੰਡ ਥਾਣਾ ਲਖਨਪੁਰ ਤਹਿਸੀਲ ਮਹਿਤਾਬ ਪੁਰ ਜ਼ਿਲ੍ਹਾ ਕਠੂਆ (ਜੰਮੂ ਕਸ਼ਮੀਰ) ਦੱਸਿਆ । ਜਦੋਂ ਪੁਲਸ ਨੇ ਟਰੱਕ ਦੀ ਤਲਾਸ਼ੀ ਕੀਤੀ ਤਾਂ ਉਸ ਵਿਚੋਂ 40 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਕਰਕੇ ਉਕਤ ਦੋਵਾਂ ਵਿਅਕਤੀਆਂ ਨੂੰ ਗਿਰਫ਼ਤਾਰ ਕਰ ਲਿਆ । ਉਕਤ ਦੋਵਾਂ ਦੋਸ਼ੀਆਂ ਨੇ ਦੱਸਿਆ ਕਿ ਇਸ ਟਰੱਕ ਦਾ ਮਾਲਕ ਅਮੀਰ ਸਿੰਘ ਵਾਸੀ ਪਿੰਡ ਅਤਾਲਾ ਥਾਣਾ ਘੱਗਾ ਹੈ , ਇਹ ਭੁੱਕੀ ਚੂਰਾ ਪੋਸਤ ਅਮੀਰ ਸਿੰਘ ਨੇ ਹੀ ਸਾਡੇ ਤੋਂ ਮੰਗਵਾਈ ਹੈ ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਿਸ ਦੀ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਲਗਾਤਾਰ ਜਾਰੀ

### *ਨਸ਼ੇ ਦੀ ਤਸਕਰੀ 'ਚ ਸ਼ਾਮਲ 2 ਮੁਲਜਮਾਂ ਨੂੰ 205 ਗ੍ਰਾਮ ਹੈਰੋਇਨ ਅਤੇ ਇਕ ਮੋਟਰਸਾਈਕਲ ਸਮੇਤ ਕੀਤਾ ਕਾਬੂ*

**ਕੋਟਕਪੂਰਾ, 12 ਜੁਲਾਈ (ਟਿੰਕੂ ਕੁਮਾਰ)** :- ਡਾ. ਪ੍ਰਗਿਆ ਜੈਨ ਐਸ.ਐਸ.ਪੀ. ਫਰੀਦਕੋਟ ਦੇ ਨਿਰਦੇਸ਼ਾਂ ਅਧੀਨ ਚਲ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਹਿਤ ਥਾਣਾ ਸਾਦਿਕ ਵੱਲੋਂ ਕਾਰਵਾਈ ਕਰਦਿਆਂ 2 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫਤਾਰ ਦੋਸ਼ੀਆਂ ਪਾਸੋ 205 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਹ ਜਾਣਕਾਰੀ ਤਰਲੋਚਨ ਸਿੰਘ ਡੀ.ਐਸ.ਪੀ. (ਸਬ-ਡਵੀਜਨ) ਫਰੀਦੋਕਟ ਵੱਲੋ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ ਗਈ। ਗ੍ਰਿਫਤਾਰ ਕੀਤੇ ਮੁਲਜਮਾਂ ਦੀ ਪਛਾਨ ਕਰਮਜੀਤ ਸਿੰਘ ਉਰਫ ਕਰਮਾ ਅਤੇ ਅਮਨਦੀਪ ਸਿੰਘ ਵਜੋ ਹੋਈ ਹੈ। ਇਹ ਦੋਵੇ ਮੁਲਜਮ ਫਿਰੋਜਪੁਰ ਜਿਲ੍ਹੇ ਨਾਲ ਸਬੰਧਤ ਹਨ। ਪੁਲਿਸ ਟੀਮ ਵੱਲੋਂ ਮੁਲਜਮਾਂ ਦਾ ਬਿਨਾ ਨੰਬਰੀ ਮੋਟਰਸਾਈਕਲ ਵੀ ਕਬਜੇ ਵਿੱਚ ਲਿਆ ਗਿਆ ਹੈ। ਕਾਰਵਾਈ ਦੀ ਜਾਣਕਾਰੀ ਸਾਂਝੀ ਕਰਦਿਆ ਉਹਨਾ ਦੱਸਿਆ ਕਿ ਇੰਸਪੈਕਟਰ ਨਵਦੀਪ ਸਿੰਘ ਮੁੱਖ ਅਫਸਰ ਥਾਣਾ ਸਾਦਿਕ ਪੁਲਿਸ ਪਾਰਟੀ ਸਮੇਤ ਨਾਕਾਬੰਦੀ ਪਰ



ਫਿਰੋਜਪੁਰ ਰੋਡ ਸਾਧੂਵਾਲਾ ਰੋਡ ਮੌਜੂਦ ਸੀ ਤਾਂ ਵਕਤ ਕਰੀਬ ਰਾਤ 10:00 ਵਜੇ ਇਹ ਮੁਲਜਮ ਮੋਟਰਸਾਈਕਲ ਪਰ ਫਿਰੋਜਪੁਰ ਸਾਈਡ ਤੋ ਸਾਦਿਕ ਵੱਲ ਨੂੰ ਆ ਰਹੇ ਸੀ, ਜਦੋ ਇਹਨਾ ਨੂੰ ਰੁਕਣ ਦਾ ਇਸ਼ਾਰਾ ਦਿੱਤਾ ਤਾਂ ਮੋਟਰਸਾਈਕਲ ਤੇਜ ਹੋਣ ਕਾਰਨ ਪਾਣੀ ਵਾਲੇ ਨਾਲੇ ਵਿੱਚ ਜਾ ਟਕਰਾਇਆ, ਜਿਸ ਉਪਰੰਤ ਮੁਲਜਮਾਂ ਨੂੰ ਸ਼ੱਕ ਦੀ ਬਿਨਾਅ ਪਰ ਕਾਬੂ ਕਰਕੇ ਤਲਾਸ਼ੀ ਕੀਤੀ ਤਾਂ ਅਮਨਦੀਪ ਸਿੰਘ ਪਾਸੋ 205 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਸਬੰਧੀ ਥਾਣਾ ਸਾਦਿਕ ਵਿਖੇ ਐਨ.ਡੀ.ਪੀ.ਐਸ ਐਕਟ ਦੀਆਂ ਧਾਰਾਵਾਂ 21(ਬੀ)/61/85 ਤਹਿਤ ਮੁਕੱਦਮਾ ਨੰਬਰ 92 ਮਿਤੀ 11-07-2025 ਦਰਜ ਕੀਤਾ ਗਿਆ ਹੈ। ਉਕਤ ਮੁਕੱਦਮੇ ਵਿੱਚ ਗ੍ਰਿਫਤਾਰ ਮੁਲਜਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾ ਰਿਹਾ ਹੈ ਤਾਂ ਜੋ ਇਹਨਾ ਪਾਸੋ ਹੋਰ ਪੁੱਛਗਿੱਛ ਕੀਤੀ ਜਾ ਸਕੇ। ਇਸ ਤੋ ਇਲਾਵਾ ਮੁਲਜਮਾਂ ਦੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਦੀ ਜਾਂਚ ਕੀਤੀ ਜਾ ਰਹੀ ਹੈ। ਫਰੀਦਕੋਟ ਪੁਲਿਸ ਵੱਲੋਂ ਨਸ਼ਿਆਂ ਨੂੰ ਜੜ੍ਹ ਤੋ ਖਤਮ ਕਰਨ ਲਈ ਜ਼ੋਰਦਾਰ ਮੁਹਿੰਮ ਚਲਾਈ ਜਾ ਰਹੀ ਹੈ। ਨਸ਼ਾ ਤਸਕਰਾਂ ਦੀ ਗ੍ਰਿਫਤਾਰੀ ਤੋਂ ਇਲਾਵਾ ਉਨ੍ਹਾਂ ਦੇ ਪਿੱਛੇ ਮੌਜੂਦ ਨੈਟਵਰਕ ਦੀ ਵੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਨਸ਼ਿਆਂ ਦੀ ਤਸਕਰੀ ਸਬੰਧੀ ਜਾਣਕਾਰੀ ਮਿਲਣ 'ਤੇ ਫਰੀਦਕੋਟ ਪੁਲਿਸ ਨੂੰ ਸੂਚਨਾ ਦੇਣ, ਤਾਂ ਜੋ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਗ੍ਰਿਫਤਾਰ ਮੁਲਜਮਾਂ ਖਿਲਾਫ ਪਹਿਲਾਂ ਵੀ ਵੱਖ-ਵੱਖ ਥਾਣਿਆਂ 'ਚ ਮੁਕੱਦਮੇ ਦਰਜ ਹਨ।

## ਸਰਪੰਚਾਂ-ਪੰਚਾਂ ਦੀਆਂ ਨਾਮਜ਼ਦਗੀਆਂ ਦਾਖਲ ਕਰਨ ਲਈ ਸਥਾਨਾਂ ਦੀ ਸੂਚੀ ਜਾਰੀ

**ਪਟਿਆਲਾ 12 ਜੁਲਾਈ (ਅਮਨ ਸਿੱਧੂ ਮੱਲੇਵਾਲ) :** ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਅਮਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਹੈ ਕਿ ਪਟਿਆਲਾ ਜ਼ਿਲ੍ਹੇ 'ਚ 5 ਸਰਪੰਚਾਂ ਤੇ 136 ਪੰਚਾਂ ਦੀਆਂ ਹੋਣ ਵਾਲੀਆਂ ਚੋਣਾਂ ਲਈ ਨਾਮਜ਼ਦਗੀਆਂ 14.07.2025 (ਸੋਮਵਾਰ) ਤੋਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਸਬੰਧਤ ਰਿਟਰਨਿੰਗ ਅਫਸਰਾਂ ਦੇ ਦਫ਼ਤਰਾਂ ਵਿੱਚ ਦਾਖਲ ਕੀਤੀਆਂ ਜਾ ਸਕਣਗੀ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 17.7.2025 (ਵੀਰਵਾਰ) ਦੁਪਹਿਰ 3 ਵਜੇ ਤੱਕ ਹੋਵੇਗੀ। ਉਨ੍ਹਾਂ ਦੱਸਿਆ ਕਿ ਬਲਾਕ ਪਟਿਆਲਾ ਦੇ ਨਾਮਜ਼ਦਗੀ ਪੱਤਰ ਦਫ਼ਤਰ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਪਟਿਆਲਾ ਵਿਖੇ, ਬਲਾਕ ਸਨੌਰ ਦੇ ਨਾਮਜ਼ਦਗੀ ਪੱਤਰ ਦਫ਼ਤਰ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸਨੌਰ ਵਿਖੇ ਦਾਖਲ ਹੋਣਗੇ।

ਪਟਿਆਲਾ ਦਿਹਾਤੀ ਦੇ ਦਫ਼ਤਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਪਟਿਆਲਾ ਦਿਹਾਤੀ, ਬਲਾਕ ਦੁਧਨਸਾਧਾਂ ਦੇ ਮਾਰਕਿਟ ਕਮੇਟੀ ਦੁਧਨਸਾਧਾਂ, ਬਲਾਕ ਰਾਜਪੁਰਾ ਦੇ ਪੀ.ਆਈ.ਟੀ. ਕਾਲਜ ਰਾਜਪੁਰਾ, ਬਲਾਕ ਸ਼ੰਭੂ ਕਲਾਂ ਤੇ ਘਨੌਰ ਦੇ ਯੂਨੀਵਰਸਿਟੀ ਕਾਲਜ ਘਨੌਰ ਵਿਖੇ ਨਾਮਜ਼ਦਗੀ ਕਾਗਜ਼ ਦਾਖਲ ਹੋਣਗੇ।

ਬਲਾਕ ਨਾਭਾ ਦੇ ਦਫ਼ਤਰ ਉਪ ਮੰਡਲ ਮੈਜਿਸਟਰੇਟ ਨਾਭਾ ਬਲਾਕ-ਏ 108 (ਕੋਰਟ ਰੂਮ), ਤਹਿਸੀਲ ਦਫ਼ਤਰ ਨਾਭਾ ਬਲਾਕ-ਬੀ 117 ਤੇ ਬੀ-120 ਅਤੇ ਦਫ਼ਤਰ ਕਾਰਜਕਾਰੀ ਇੰਜੀਨੀਅਰ ਬੀ.ਐਡ.ਆਰ. ਬਲਾਕ-ਸੀ210 ਵਿਖੇ ਕਾਗਜ਼ ਦਾਖਲ ਹੋਣਗੇ। ਸਮਾਣਾ ਬਲਾਕ ਦੇ ਪਬਲਿਕ ਕਾਲਜ ਸਮਾਣਾ ਦੇ ਬੀ.ਐਡ ਕਾਲਜ ਤੇ ਪਾਤੜਾਂ ਬਲਾਕ ਦੇ ਨਾਇਬ ਤਹਿਸੀਲਦਾਰ ਪਾਤੜਾਂ ਵਿਖੇ ਨਾਮਜ਼ਦਗੀ ਕਾਗਜ਼ ਦਾਖਲ ਹੋਣਗੇ।

## ਮਾਛੀਵਾੜਾ ਪੁਲਿਸ ਵੱਲੋਂ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕੱਟੇ ਚਲਾਣ

**ਮਾਛੀਵਾੜਾ ਸਾਹਿਬ 12 ਜੁਲਾਈ (ਮਾਸਟਰ ਸਤੀਸ਼ ਕੁਮਾਰ)** ਮਾਛੀਵਾੜਾ ਥਾਣਾ ਮੁਖੀ ਹਰਵਿੰਦਰ ਸਿੰਘ ਦੀ ਅਗਵਾਈ ਵਿੱਚ ਪੁਲਿਸ ਪਾਰਟੀ ਵੱਲੋਂ ਖਾਲਸਾ ਚੌਂਕ ਵਿਖੇ ਨਾਕਾ ਲਗਾ ਕੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਗਏ। ਪ੍ਰਸ਼ਾਸਨ ਵੱਲੋਂ ਬਾਰ-ਬਾਰ ਹਦਾਇਤਾਂ ਕਰਦੇ ਬਾਵਜੂਦ ਵੀ ਬਹੁਤ ਸਾਰੇ ਵਾਹਨ ਚਾਲਕ ਆਪਣੇ ਕਾਗਜ਼ਾਤ ਪੂਰੇ ਨਹੀਂ ਰੱਖਦੇ ਮੋਟਰਸਾਈਕਲਾਂ ਤੇ ਤਿੰਨ ਤਿੰਨ ਸਵਾਰੀਆਂ ਬੈਠ ਹੌਰਨ ਵਜਾਉਂਦੇ ਬਾਜ਼ਾਰਾਂ ਵਿੱਚ ਹੁੜਦੰਗ ਮਚਾਉਣ ਵਾਲਿਆਂ ਤੇ ਪੁਲਿਸ ਨੇ ਸਖਤ ਕਾਰਵਾਈ ਕਰਦਿਆਂ ਉਹਨਾਂ ਦੇ ਮੋਟਰਸਾਈਕਲ ਥਾਣੇ ਬੰਦ ਕਰ ਦਿੱਤੇ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਮਾਨਯੋਗ ਐਸ.ਐਸ.ਪੀ. ਡਾਕਟਰ ਜੋਤੀ ਯਾਦਵ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੁਲਿਸ ਜਿਲਾ ਖੰਨਾ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਕਾਇਮ ਰੱਖੀ ਜਾਵੇਗੀ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵਾਰ-ਵਾਰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਵਹੀਕਲਾਂ ਦੇ ਕਾਗਜ਼ਾਤ ਆਪਣੇ ਕੋਲ ਰੱਖਣ , ਟਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਸਿਰ ਤੇ ਹੈਲਮਟ ਜਰੂਰ ਪਹਿਨਣ ਅਤੇ ਦੋਪਹੀਆ ਵਾਹਨਾਂ ਤੇ ਦੋ ਸਵਾਰੀਆਂ ਹੀ ਸਫਰ ਕਰਨ। ਪਰ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਕੁਝ ਮਨਚਲੇ ਨੌਜਵਾਨ ਜੋ ਤੇਜ਼ ਗਤੀ ਨਾਲ ਮੋਟਰਸਾਈਕਲ ਬਾਜ਼ਾਰਾਂ ਵਿੱਚ ਚਲਾਉਂਦੇ ਫਿਰਦੇ ਹਨ ਤੇ ਤਿੰਨ ਤਿੰਨ ਮੋਟਰਸਾਈਕਲਾਂ ਤੇ ਬੈਠੇ ਘੁੰਮਦੇ ਹਨ ,ਉਹਨਾਂ ਨੂੰ ਖਾਸ ਤੌਰ ਤੇ ਅੱਜ ਰੋਕ ਕੇ ਕਾਨੂੰਨੀ ਕਾਰਵਾਈ ਕਰਦਿਆਂ ਉਹਨਾਂ ਦੀਆਂ ਮੋਟਰਸਾਈਕਲਾਂ ਦੇ ਚਲਾਨ ਕੱਟੇ ਗਏ। ਉਹਨਾਂ ਦੱਸਿਆ ਕਿ ਕਈ ਦਿਨਾਂ ਤੋਂ ਸ਼ਹਿਰ ਅੰਦਰ ਬੁੱਲਟ ਮੋਟਰਸਾਈਕਲ ਦੇ ਪਟਾਕੇ ਮਾਰਨ ਵਾਲਿਆਂ ਅਤੇ ਬਾਜ਼ਾਰ ਵਿੱਚ ਤੇਜ਼ ਰਫਤਾਰੀ ਮੋਟਰਸਾਈਕਲ ਚਲਾਉਂਦਿਆਂ ਕੰਨ ਪਾੜ੍ਹਵੇਂ ਹੋਰਨ ਵਜਾਉਂਦੇ ਨੌਜਵਾਨਾਂ ਦੇ ਸ਼ਿਕਾਇਤਾਂ ਮਿਲ ਰਹੀਆਂ ਸਨ। ਉਹਨਾਂ ਕਿਹਾ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਅਤੇ ਟਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਤੇ ਸਖਤਾਈ ਜਾਰੀ ਰਹੇਗੀ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ ਦੇ ਕਾਗਜ਼ਾਤ ਕੋਲ ਰੱਖਣ ਟਰੈਫਿਕ ਨਿਯਮਾਂ ਦੀ ਉਲੰਘਣਾ ਨਾ ਕਰਨ । ਇਸ ਮੌਕੇ ਏ.ਐਸ.ਆਈ.ਕਰਨੈਲ ਸਿੰਘ, ਮੁੱਖ ਮੁਨਸ਼ੀ ਸੁਖਦੀਪ ਸਿੰਘ, ਐਚ.ਸੀ. ਹਰਬੰਸ ਸਿੰਘ ਦੀ ਮੌਜੂਦ ਸਨ।




## ਮਰਿਆਦਾ ਭੁੱਲੇ ਮੁੱਖ ਮੰਤਰੀ ਦਾ ਭਾਜਪਾ ਆਗੂਆਂ ਨੇ ਪੁਤਲਾ ਫੂਕਿਆ

**ਫਾਜ਼ਿਲਕਾ 12 ਜੁਲਾਈ (ਗਗਨ ਵਾਟਸ) :-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਖਿਲਾਫ ਕੀਤੀ ਗਈ ਨਿੰਦਣਯੋਗ ਟਿੱਪਣੀ ਦੇ ਵਿਰੋਧ ਵਿੱਚ ਅੱਜ ਫਾਜ਼ਿਲਕਾ ਸ਼ਹਿਰ ਦੇ ਘੰਟਾ ਘਰ ਚੌਂਕ ਵਿੱਚ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ ਜਿਲਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ ਦੀ ਅਗੁਵਾਈ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸਾਬਕਾ ਮੰਤਰੀ ਸੁਰਜੀਤ ਜਿਆਣੀ, ਪੰਜਾਬ ਸਕੱਤਰ ਸ਼੍ਰੀਮਤੀ ਵੰਦਨਾ ਸਾਂਗਵਾਨ, ਪੰਜਾਬ ਮੀਡੀਆ ਦੇ ਇੰਚਾਰਜ ਸੁਬੋਧ ਵਰਮਾ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਇਸ ਦੌਰਾਨ ਭਾਜਪਾ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਵੱਲੋਂ ਇਸ ਤਰ੍ਹਾਂ ਦੀ ਅਪਮਾਨਜਨਕ ਟਿੱਪਣੀ ਕਰਕੇ ਨਾ ਸਿਰਫ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਨਿਰਾਦਰ ਕੀਤਾ ਹੈ, ਸਗੋਂ ਇਸ ਨਾਲ ਸਾਰੇ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਇਸ ਮੌਕੇ ਘੰਟਾ ਘਰ ਚੌਂਕ ਵਿਚ ਭਾਰੀ ਗਿਣਤੀ ਵਿੱਚ ਭਾਜਪਾ ਵਰਕਰ ਇਕੱਠੇ ਹੋਏ ਅਤੇ ਉਨ੍ਹਾਂ ਨੇ ਸਰਕਾਰ ਵਿਰੋਧੀ ਨਾਅਰੇਬਾਜ਼ੀ ਕਰਦੇ ਹੋਏ ਕਿਹਾ ਕਿ ਭਾਰਤ ਦੇ ਸਭ ਤੋਂ ਉੱਚੇ ਪਦਾਂ ਉਤੇ ਬੈਠੇ ਨੇਤਾਵਾਂ ਦੀ ਇਜ਼ਤ ਹਰ ਨਾਗਰਿਕ ਲਈ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕੀਤੀ ਗਈ ਟਿੱਪਣੀ ਬਹੁਤ ਹੀ ਅਪਮਾਨਜਨਕ ਹੈ ਅਤੇ ਇਸ ਲਈ ਮੁੱਖ ਮੰਤਰੀ ਨੂੰ ਪੰਜਾਬ ਅਤੇ ਦੇਸ਼ ਦੇ ਲੋਕਾਂ ਤੋਂ ਮਾਫੀ ਮੰਗਣੀ ਚਾਹੀਦੀ ਹੈ।




ਭਾਜਪਾ ਨੇਤਾਵਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਮੁੱਖ ਮੰਤਰੀ ਨੇ ਆਪਣਾ ਬਿਆਨ ਵਾਪਸ ਨਹੀਂ ਲਿਆ ਅਤੇ ਜਨਤਾ ਤੋਂ ਮਾਫੀ ਨਹੀਂ ਮੰਗੀ ਤਾਂ ਭਾਜਪਾ ਵਰਕਰ ਸੜਕਾਂ 'ਤੇ ਉਤਰ ਕੇ ਸੂਬੇ ਭਰ ਵਿੱਚ ਤਿੱਖਾ ਰੋਸ ਪ੍ਰਦਰਸ਼ਨ ਕਰਨਗੇ। ਇਸ ਦੌਰਾਨ ਵਰਕਰਾਂ ਵੱਲੋਂ "ਭਗਵੰਤ ਮਾਨ ਹਾਇ ਹਾਇ, "ਪੰਜਾਬ ਸਰਕਾਰ ਮੁਰਦਾਬਾਦ"ਅਤੇ "ਭਾਜਪਾ ਜਿੰਦਾਬਾਦ"ਦੇ ਨਾਅਰੇ ਲਗਾਏ ਗਏ। ਇਸ ਵਿਰੋਧ ਪ੍ਰਦਰਸ਼ਨ ਵਿੱਚ ਭਾਜਪਾ ਦੇ ਸੀਨੀਅਰ ਆਗੂਆਂ ਸਮੇਤ ਯੂਵਾ ਮੋਰਚਾ, ਮਹਿਲਾ ਮੋਰਚਾ ਅਤੇ ਵਪਾਰ ਮੰਡਲ ਦੇ ਮੈਂਬਰ ਵੀ ਸ਼ਾਮਿਲ ਹੋਏ। ਭਾਜਪਾ ਆਗੂਆਂ ਨੇ ਕਿਹਾ ਕਿ ਭਾਜਪਾ ਹਮੇਸ਼ਾ ਲੋਕਤੰਤਰ ਅਤੇ ਸੰਵਿਧਾਨਿਕ ਪਦਾਂ ਦੀ ਇਜ਼ਤ ਕਰਨ ਦੀ ਪੱਖਦਾਰ ਰਹੀ ਹੈ ਅਤੇ ਕਿਸੇ ਨੂੰ ਵੀ ਇਸ ਤਰ੍ਹਾਂ ਦੀ ਭਾਸ਼ਾ ਵਰਤਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਭਾਜਪਾ ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਅਜਿਹੀਆਂ ਬੇਕਾਰ ਟਿੱਪਣੀਆਂ ਦਾ ਵਿਰੋਧ ਕਰਨ ਅਤੇ ਸੂਬੇ ਵਿੱਚ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਲਈ ਆਪਣਾ ਯੋਗਦਾਨ ਪਾਏਂ। ਅੰਤ ਵਿੱਚ ਵਰਕਰਾਂ ਨੇ ਮੁੱਖ ਮੰਤਰੀ ਦਾ ਪੁਤਲਾ ਜਲਾ ਕੇ ਆਪਣਾ ਰੋਸ ਜਾਹਿਰ ਕੀਤਾ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਅਜਿਹੀ ਭਾਸ਼ਾ ਬੰਦ ਨਾ ਹੋਈ ਤਾਂ ਭਵਿੱਖ ਵਿੱਚ ਵੱਡਾ ਅੰਦੋਲਨ ਖੜਾ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਜਪਾ ਆਗੂਆਂ ਜ਼ਿਲ੍ਹਾ ਮਹਾਮੰਤਰੀ ਅਸ਼ਵਨੀ ਫੁਟੇਲਾ, ਮੰਡਲ ਪ੍ਰਧਾਨ ਪਰਮਜੀਤ ਸਿੰਘ ਸ਼ੇਰਾ, ਰਮੇਸ਼ ਗਾਂਧੀ, ਨਿਰਮਲਜੀਤ ਰਿਚੀ, ਰਾਜ ਕੁਮਾਰ ਖਟਨਾਵਾਲੀਆ, ਬਲਵਿੰਦਰ ਸਿੰਘ, ਬਿੱਟੂ ਅਰਨੀਵਾਲਾ, ਸੁਨੀਲ ਸਹਾਰਨ, ਛਿੰਦਰ ਪਾਲ ਵੈਰੋ ਕੇ, ਅੰਕੁਸ਼ ਫੁਟੇਲਾ ਮੰਡਲ ਮਹਾਮੰਤਰੀ, ਰੀਗਲ ਗੋਇਲ, ਨਰੇਸ਼ ਵਾਧਵਾ, ਦੀਪਕ ਛਪੋਲਾ, ਬਾਬੂ ਰਾਮ ਆਰਿਆ, ਵਿਸ਼ਾਲ ਤਨੇਜਾ, ਰਾਹੁਲ ਚਾਵਲਾ, ਰਾਕੇਸ਼ ਗੁਪਤਾ, ਐਡਵੋਕੇਟ ਕਾਮੇਸ਼ਵਰ ਗੁੰਬਰ, ਰਜਿੰਦਰ ਪਾਲ ਚੁਚਰਾ, ਅਸ਼ੋਕ ਮੋਂਗਾ, ਕ੍ਰਿਸ਼ਨ ਲਾਲ ਝਿੰਝਾ, ਨੀਰੂ ਪ੍ਰਣਾਮੀ, ਸੁਮਨ ਕਟਾਰੀਆ, ਨਰਿੰਦਰ ਅਗਰਵਾਲ, ਤਾਰਾ ਚੰਦ ਸੋਲੰਕੀ, ਮੋਹਨ ਲਾਲ ਸੈਨ, ਅਸ਼ੋਕ ਪ੍ਰਣਾਮੀ, ਮਨਜੀਤ ਕਟਾਰੀਆ, ਦਿਆ ਲਚੰਦ ਅਤੇ ਹੋਰ ਭਾਜਪਾ ਵਰਕਰ ਮੌਜੂਦ ਸਨ।

# ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਪਾਇਲ ਹਲਕੇ ਦੇ ਐਸ.ਸੀ. ਭਾਈਚਾਰੇ ਦੇ 28 ਲਾਭਪਾਤਰੀਆਂ ਨੂੰ 40.45 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਦਾ ਲਾਭ ਪ੍ਰਦਾਨ

## ਲਾਭਪਾਤਰੀ ਪਰਿਵਾਰਾਂ ਵੱਲੋਂ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ, ਕਿਹਾ, ਪੰਜਾਬ ਸਰਕਾਰ ਨੇ ਐਸ ਸੀ ਭਾਈਚਾਰੇ ਦਾ ਕਰਜ਼ਾ ਮਾਫ ਕਰਕੇ ਵੱਡੀ ਰਾਹਤ ਦਿੱਤੀ

**ਪਾਇਲ, 12 ਜੁਲਾਈ (ਲਾਲ ਸਿੰਘ ਮਾਂਗਟ)**- ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਅੱਜ ਦਾਣਾ ਮੰਡੀ ਪਾਇਲ ਵਿਖੇ ਹਲਕੇ ਦੇ ਐਸ.ਸੀ. ਭਾਈਚਾਰੇ ਦੇ 28 ਲਾਭਪਾਤਰੀਆਂ ਨੂੰ 40.45 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਪ੍ਰਦਾਨ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਕਰਜ਼ੇ ਮੁਆਫ਼ ਕਰਕੇ ਗਰੀਬ ਪਰਿਵਾਰਾਂ ਦੀ ਬਾਂਹ ਫੜਨ ਦਾ ਵੱਡਾ ਉਪਰਾਲਾ ਕੀਤਾ ਹੈ, ਜਿਸ ਨਾਲ ਇਹ ਲਾਭਪਾਤਰੀ ਪਰਿਵਾਰ ਹੁਣ ਆਪਣੇ ਭਵਿੱਖ ਨੂੰ ਨਵੀਂ ਦਿਸ਼ਾ ਦੇ ਸਕਣਗੇ ਅਤੇ ਆਰਥਿਕ ਤੌਰ 'ਤੇ ਖੁਦਮੁਖਤਾਰ ਬਣ ਸਕਣਗੇ। ਉਨ੍ਹਾਂ ਦੱਸਿਆ ਕਿ ਲੁਧਿਆਣਾ ਜ਼ਿਲ੍ਹੇ ਅੰਦਰ 260 ਲਾਭਪਾਤਰੀਆਂ ਨੂੰ 5 ਕਰੋੜ 34 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਦਾ ਲਾਭ ਮਿਲਿਆ ਹੈ ਅਤੇ ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ, ਜਿਸ ਨੇ ਇਸ ਭਾਈਚਾਰੇ ਦੇ ਲੋਕਾਂ ਨਾਲ ਕੀਤਾ ਵਾਅਦਾ ਪੁਗਾਇਆ ਹੈ। ਐਸ.ਸੀ. ਭਾਈਚਾਰੇ ਨਾਲ ਸੰਬੰਧਤ ਪਰਿਵਾਰਾਂ ਵੱਲੋ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਤੋਂ ਲਏ ਗਏ ਕਰਜ਼ਿਆਂ ਨੂੰ ਮਾਫ ਕਰਕੇ ਇਕ ਵੱਡੀ ਰਾਹਤ ਪ੍ਰਦਾਨ ਕੀਤੀ ਹੈ।



ਉਨ੍ਹਾਂ ਨੇ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਵੰਡਦਿਆਂ ਕਿਹਾ ਕਿ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਪੰਜਾਬ ਲੋੜਵੰਦ ਲੋਕਾਂ ਦੀ ਮਦਦ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਐਸ.ਸੀ ਭਾਈਚਾਰੇ ਵੱਲੋਂ ਲੰਬੇ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਦੇ ਕਰਜ਼ੇ ਮਾਫ ਕੀਤੇ ਜਾਣ, ਕਿਉਂਕਿ ਹੜ੍ਹਾਂ, ਬਿਮਾਰੀਆਂ ਅਤੇ ਆਰਥਿਕ ਕਮਜ਼ੋਰੀ ਕਾਰਨ ਬਹੁਤ ਸਾਰੇ ਪਰਿਵਾਰ ਉਕਤ ਕਰਜ਼ੇ ਅਦਾ ਕਰਨ ਵਿੱਚ ਅਸਮਰੱਥ ਸਨ।

ਪੰਜਾਬ ਸਰਕਾਰ ਦੇ ਇਸ ਕਦਮ ਨਾਲ ਜਿੱਥੇ ਗਰੀਬ ਪਰਿਵਾਰਾਂ ਦੇ ਮਾਨਸਿਕ ਤਣਾਅ ਨੂੰ ਖ਼ਤਮ ਕੀਤਾ ਗਿਆ ਹੈ, ਉੱਥੇ ਹੀ ਉਨ੍ਹਾਂ ਨੂੰ ਆਰਥਿਕ ਪੱਖੋਂ ਖੜੇ ਹੋਣ ਦਾ ਮੌਕਾ ਵੀ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕਾਰਪੋਰੇਸ਼ਨ ਵੱਲੋਂ ਵੱਖ-ਵੱਖ ਸਕੀਮਾਂ ਹੇਠ ਇਹ ਕਰਜ਼ੇ ਘੱਟ ਵਿਆਜ ਦਰਾਂ 'ਤੇ ਦਿੱਤੇ ਜਾਂਦੇ ਹਨ, ਜਿਸ ਨਾਲ ਗਰੀਬ ਪਰਿਵਾਰਾਂ ਨੂੰ ਵਪਾਰ, ਰੋਜ਼ਗਾਰ ਅਤੇ ਸਵੈਰੋਜ਼ਗਾਰ ਸਥਾਪਿਤ ਕਰਨ ਵਿੱਚ ਮਦਦ ਮਿਲਦੀ ਹੈ। ਇਸ ਮੌਕੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਲੁਧਿਆਣਾ ਵੱਲੋਂ ਜ਼ਿਲ੍ਹਾ ਮੈਨੇਜਰ ਸੰਦੀਪ ਕੁਮਾਰ, ਕਲਰਕ ਮਨਜੀਤ ਸਿੰਘ ਅਤੇ ਜਸਪਾਲ ਸਿੰਘ ਵੀ ਹਾਜ਼ਰ ਸਨ। ਜ਼ਿਲ੍ਹਾ ਮੈਨੇਜਰ ਸੰਦੀਪ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 31 ਮਾਰਚ 2020 ਤੱਕ ਦੇ ਸਾਰੇ ਕਰਜਾਂ ਕੇਸਾਂ ਵਿੱਚ ਕਰਜ਼ਾ ਮੁਆਫੀ ਕਰ ਦਿੱਤੀ ਗਈ ਹੈ।ਇਸ ਮੌਕੇ ਲਾਭਪਾਤਰੀ ਪਰਿਵਾਰਾਂ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਕਰਜ਼ਾ ਮਾਫ ਕਰਕੇ ਉਨ੍ਹਾਂ ਨੂੰ ਵਿੱਤੀ ਬੋਝ ਤੋਂ ਮੁਕਤ ਕੀਤਾ। ਉਨ੍ਹਾਂ ਕਿਹਾ ਕਿ ਹੁਣ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਪਰਿਵਾਰ ਦੀਆਂ ਜ਼ਰੂਰਤਾਂ ਲਈ ਬਿਹਤਰ ਤਰੀਕੇ ਨਾਲ ਯਤਨ ਕਰ ਸਕਣਗੇ। ਇਸ ਮੌਕੇ ਮਾਰਕੀਟ ਕਮੇਟੀ ਦੋਰਾਹਾ ਦੇ ਚੇਅਰਮੈਨ ਬੂਟਾ ਸਿੰਘ ਗਿੱਲ, ਪੀ.ਏ ਮਨਜੀਤ ਸਿੰਘ, ਸੀਨੀਅਰ ਆਗੂ ਅਵਿਨਾਸ਼ਪ੍ਰੀਤ ਸਿੰਘ ਜੱਲ੍ਹਾ ਅਤੇ ਵੱਡੀ ਗਿਣਤੀ ਵਿਚ ਲਾਭਪਾਤਰੀ ਮੌਜੂਦ ਸਨ।

# ਜਨਤਾ ਦੇ ਮਸਲਿਆਂ ਦੇ ਤੁਰੰਤ ਹੱਲ ਲਈ ਪੁਲਿਸ ਦੇ ਸਮਾਧਾਨ ਕੈਂਪ ਬਣੇ ਲੋਕ-ਪਸੰਦ : ਐਸਐਸਪੀ

## ਸਰਲ ਅਤੇ ਤੁਰੰਤ ਕਾਰਵਾਈ ਨਾਲ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੋ ਰਿਹਾ ਨਿਵਾਰਨ



**ਕੋਟਕਪੂਰਾ, 12 ਜੁਲਾਈ (ਟਿੰਕੂ ਕੁਮਾਰ)** :- ਡਾ. ਪ੍ਰਗਿਆ ਜੈਨ ਐਸ.ਐਸ.ਪੀ. ਫਰੀਦਕੋਟ ਜਿਹਨਾ ਵੱਲੋਂ ਸਮੇ-ਸਮੇ 'ਤੇ ਪਬਲਿਕ ਦੀ ਸਹੂਲਤ ਲਈ ਕਦਮ ਉਠਾਏ ਜਾਦੇ ਰਹਿੰਦੇ ਹਨ, ਉਹਨਾ ਦੇ ਨਿਰਦੇਸ਼ਾਂ ਤਹਿਤ ਜਨਤਾ ਨੂੰ ਬਿਹਤਰ ਪ੍ਰਸ਼ਾਸਨਿਕ ਸੁਵਿਧਾਵਾਂ ਪ੍ਰਦਾਨ ਕਰਨ ਅਤੇ ਸ਼ਿਕਾਇਤਾਂ ਦਾ ਤਤਕਾਲ ਹੱਲ ਯਕੀਨੀ ਬਣਾਉਣ ਲਈ ਫਰੀਦਕੋਟ ਜ਼ਿਲ੍ਹੇ ਦੇ ਸਾਰੇ ਥਾਨਿਆਂ ਅਤੇ ਚੌਕੀਆਂ ਵਿੱਚ ਵਿਸ਼ੇਸ਼ ਸਮਾਧਾਨ ਕੈਂਪਾਂ ਦਾ ਆਯੋਜਿਤ ਕੀਤੇ ਜਾ ਰਹੇ ਹਨ। ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਲੋਕਾਂ ਦੀਆਂ ਵਿਅਕਤੀਗਤ, ਪਰਿਵਾਰਕ, ਜਾਇਦਾਦੀ ਜਾਂ ਹੋਰ ਕਿਸੇ ਕਿਸਮ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਸੁਣ ਕੇ, ਉਸਦਾ ਤੁਰਤ ਨਿਵਾਰਨ ਕਰਨਾ ਹੈ, ਤਾਂ ਜੋ ਨਾਗਰਿਕਾਂ ਨੂੰ ਜਲਦੀ ਅਤੇ ਨਿਆਪੂਰਨ ਇਨਸਾਫ ਮਿਲ ਸਕੇ। ਇਸ ਉਪਰਾਲੇ ਨਾਲ ਲੋਕਾਂ ਦਾ ਕੀਮਤੀ ਸਮਾਂ ਵੀ ਬਚਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਪੁਲਿਸ ਪ੍ਰਸ਼ਾਸਨ ਉੱਤੇ ਭਰੋਸਾ ਹੋਰ ਮਜ਼ਬੂਤ ਹੋਇਆ ਹੈ। ਇਸ ਸਬੰਧੀ ਡਾ. ਪ੍ਰਗਿਆ ਜੈਨ, ਐਸ.ਐਸ.ਪੀ. ਨੇ ਦੱਸਿਆ ਕਿ ਸਮਾਧਾਨ ਕੈਂਪਾਂ ਦਾ ਮੁੱਖ ਮਕਸਦ ਪਬਲਿਕ ਦੀਆਂ ਸ਼ਿਕਾਇਤਾਂ ਨੂੰ ਤੁਰੰਤ, ਨਿਰਪੱਖ ਅਤੇ ਕਾਨੂੰਨੀ ਢੰਗ ਨਾਲ ਸੁਣ ਕੇ ਉਨ੍ਹਾਂ ਦਾ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਕੈਂਪ ਲੋਕਾਂ ਲਈ ਨਾ ਸਿਰਫ਼ ਸੁਣਵਾਈ ਦਾ ਇਕ ਮਜ਼ਬੂਤ ਮਾਧਿਅਮ ਬਣ ਰਹੇ ਹਨ, ਬਲਕਿ ਪੂਰੇ ਵਿਸ਼ਵਾਸ ਨਾਲ ਇਨਸਾਫ ਦੀ ਪਹੁੰਚ ਵੀ ਦੇ ਰਹੇ ਹਨ। ਇਸਦੇ ਨਾਲ ਹੀ ਓਹਨਾ ਕਿਹਾ ਕਿ ਫਰੀਦਕੋਟ ਪੁਲਿਸ ਭਵਿੱਖ ਵਿੱਚ ਵੀ ਇਨ੍ਹਾਂ ਸਮਾਧਾਨ ਕੈਂਪਾਂ ਦੀ ਲੜੀ ਜਾਰੀ ਰਖੇਗੀ, ਤਾਂ ਜੋ ਜਨਤਾ ਨੂੰ ਜਲਦ ਅਤੇ ਨਿਆਪੂਰਨ ਢੰਗ ਨਾਲ ਇਨਸਾਫ ਮਿਲ ਸਕੇ। ਇਸ ਦੌਰਾਨ ਤਰਲੋਚਨ ਸਿੰਘ ਡੀ.ਐਸ.ਪੀ. ਮੁਤਾਬਿਕ ਸਬ-ਡਵੀਜਨ ਫਰੀਦਕੋਟ ਅੰਦਰ ਅੱਜ ਸਾਰੇ ਥਾਨਿਆ ਅੰਦਰ ਸਮਾਧਾਨ ਕੈਪਾ ਦਾ ਆਯੋਜਨ ਕੀਤਾ ਗਿਆ ਹੈ। ਇਸ ਦੌਰਾਨ ਸਮੂਹ ਮੁੱਖ ਅਫਸਰ ਥਾਣਾ ਵੱਲੋਂ ਪਬਲਿਕ ਨਾਲ ਮਿਲ ਕੇ ਉਹਨਾ ਦੀਆਂ ਸਮੱਸਿਆਵਾ ਦਾ ਤੁਰਤ ਯਕੀਨੀ ਬਣਾਇਆ ਜਾ ਰਿਹਾ ਹੈ। ਫਰੀਦਕੋਟ ਪੁਲਿਸ ਦੁਆਰਾ ਲਾਏ ਇਹਨਾ ਸਮਾਧਾਨ ਕੈਂਪਾਂ ਦੌਰਾਨ ਵੱਡੀ ਗਿਣਤੀ 'ਚ ਆਏ ਨਾਗਰਿਕਾਂ ਨੇ ਵੀ ਇਸ ਉਪਰਾਲੇ ਦੀ ਖੁੱਲ ਕੇ ਸਰਾਹਨਾ ਕੀਤੀ ਅਤੇ ਦੱਸਿਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਬਿਨਾਂ ਦੇਰੀ ਦੇ ਸੁਣੀਆਂ ਜਾਂਦੀਆਂ ਹਨ ਤੇ ਜਲਦੀ ਹੱਲ ਕੀਤੀਆਂ ਜਾਂਦੀਆਂ ਹਨ। ਇਸ ਦੌਰਾਨ ਮੌਜੂਦ ਪਿੰਡ ਅਰਾਈਆ ਵਾਲਾ ਕਲਾ ਦੇ ਸਰਪੰਚ ਕੁਲਵਿੰਦਰ ਕੁਮਾਰ ਨੇ ਦੱਸਿਆ ਕਿ ਉਹ ਆਪਣੇ ਪਿੰਡ ਦੀ ਸਮੱਸਿਆ ਸਬੰਧੀ ਇੱਥੇ ਆਏ ਸਨ, ਇਸ ਸਮਾਧਾਨ ਕੈਪ ਦੌਰਾਨ ਉਹਨਾ ਦੇ ਪਿੰਡ ਦੀਆਂ ਸਮੱਸਿਆਵਾ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ ਹੈ। ਉਹਨਾ ਐਸ.ਐਸ.ਪੀ ਫਰੀਦਕੋਟ ਦਾ ਇਸ ਉਪਰਾਲੇ ਲਈ ਧੰਨਵਾਦ ਵੀ ਕੀਤਾ। ਫਰੀਦਕੋਟ ਪੁਲਿਸ ਵੱਲੋਂ ਭਵਿੱਖ ਵਿੱਚ ਵੀ ਇਨ੍ਹਾਂ ਤਰ੍ਹਾਂ ਦੇ ਵਿਸ਼ੇਸ਼ ਸਮਾਧਾਨ ਕੈਂਪ ਲਗਾਤਾਰ ਆਯੋਜਿਤ ਕੀਤੇ ਜਾਣਗੇ, ਤਾਂ ਜੋ ਨਾਗਰਿਕਾਂ ਦੀਆਂ ਸ਼ਿਕਾਇਤਾਂ ਦਾ ਤਤਕਾਲ, ਨਿਰਪੱਖ ਅਤੇ ਕਾਨੂੰਨੀ ਨਿਪਟਾਰਾ ਯਕੀਨੀ ਬਣਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਨਿਆਂ ਪ੍ਰਣਾਲੀ ਦੇ ਜ਼ਰੀਏ ਤੇਜ਼ ਅਤੇ ਸੁਚੱਜੀ ਸੇਵਾ ਪ੍ਰਦਾਨ ਕੀਤੀ ਜਾ ਸਕੇ।

# ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੇ 20 ਪੰਚਾਂ ਦੀਆਂ ਅਸਾਮੀਆਂ ਲਈ ਉਪ-ਚੋਣਾਂ ਦੇ ਸ਼ਡਿਊਲ ਦਾ ਐਲਾਨ-ਵਧੀਕ ਡਿਪਟੀ ਕਮਿਸ਼ਨਰ

**ਸ੍ਰੀ ਮੁਕਤਸਰ ਸਾਹਿਬ, 12 ਜੁਲਾਈ (ਲੱਕੀ ਚੜ੍ਹੇਵਾਨ)** ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 15.10.2024 ਨੂੰ ਹੋਈਆਂ ਗ੍ਰਾਮ ਪੰਚਾਇਤਾਂ ਦੀਆਂ ਆਮ ਚੋਣਾਂ ਤੋਂ ਬਾਅਦ, ਇਸ ਸਮੇਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਰਪੰਚਾਂ ਦੀਆਂ 90 ਅਸਾਮੀਆਂ ਅਤੇ ਪੰਚਾਂ ਦੀਆਂ 1771 ਅਸਾਮੀਆਂ ਖਾਲੀ ਹਨ। ਜੋ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪੰਚਾਂ ਦੀਆਂ 20 ਅਸਾਮੀਆਂ ਖਾਲੀ ਹਨ। ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ, ਰਾਜ ਚੋਣ ਕਮਿਸ਼ਨ ਨੇ ਉਪ-ਚੋਣਾਂ ਦਾ ਸ਼ਡਿਊਲ ਐਲਾਨਿਆ ਹੈ। ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੁਰਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਸ਼ਡਿਊਲ ਦੇ ਅਨੁਸਾਰ ਨਾਮਜ਼ਦਗੀਆਂ 14.07.2025 (ਸੋਮਵਾਰ) ਤੋਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਦਾਖਲ ਕੀਤੀਆਂ ਜਾ ਸਕਣਗੀਆਂ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 17.7.2025 (ਵੀਰਵਾਰ) ਦੁਪਹਿਰ 3 ਵਜੇ ਤੱਕ ਹੋਵੇਗੀ। ਨਾਮਜ਼ਦਗੀਆਂ ਦੀ ਪੜਤਾਲ 18.07.2025 (ਸ਼ੁੱਕਰਵਾਰ) ਨੂੰ ਕੀਤੀ ਜਾਵੇਗੀ ਅਤੇ ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ 19.07.2025 (ਸ਼ਾਮ 3 ਵਜੇ ਤੱਕ) ਹੋਵੇਗੀ। ਵੋਟਿੰਗ 27.07.2025 (ਐਤਵਾਰ) ਨੂੰ ਸਵੇਰੇ 8.00 ਵਜੇ ਤੋਂ ਸ਼ਾਮ 4.00 ਵਜੇ ਤੱਕ ਬੈਲਟ ਪੇਪਰਾਂ ਦੀ ਵਰਤੋਂ ਰਾਹੀਂ ਹੋਵੇਗੀ। ਅਪਡੇਟ ਕੀਤੀਆਂ ਵੋਟਰ ਸੂਚੀਆਂ ਦਾ ਅੰਤਿਮ ਪ੍ਰਕਾਸ਼ਨ 23.05.2025 ਨੂੰ ਸਬੰਧਤ ਜ਼ਿਲ੍ਹਾ ਚੋਣ ਅਧਿਕਾਰੀਆਂ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ। ਵੋਟਾਂ ਪੈਣ ਤੋਂ ਬਾਅਦ ਇਸ ਦੀ ਗਿਣਤੀ ਉਸੇ ਦਿਨ ਪੋਲਿੰਗ ਸਟੇਸ਼ਨ 'ਤੇ ਹੀ ਕੀਤੀ ਜਾਵੇਗੀ। ਸਰਪੰਚ ਦੇ ਅਹੁਦੇ ਲਈ ਚੋਣ ਲੜ ਰਹੇ ਉਮੀਦਵਾਰ ਲਈ ਸੂਚਿਤ ਖਰਚ ਸੀਮਾ 40,000/- ਰੁਪਏ ਹੈ, ਜਦੋਂ ਕਿ ਪੰਚ ਲਈ ਖਰਚ ਸੀਮਾ 30,000/- ਰੁਪਏ ਨਿਰਧਾਰਤ ਕੀਤੀ ਗਈ ਹੈ। ਕਮਿਸ਼ਨ ਨੇ ਇਨ੍ਹਾਂ ਚੋਣਾਂ ਨੂੰ ਸੁਚਾਰੂ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਸਾਰੇ ਲੌਜਿਸਟਿਕ ਪ੍ਰਬੰਧ ਕੀਤੇ ਹਨ।

# ਘੱਟ ਗਿਣਤੀ ਤੇ ਦਲਿਤ ਦਲ ਜਥੇਬੰਦੀ ਦੇ ਆਗੂਆਂ ਦੀ ਹੋਈ ਮੀਟਿੰਗ

**ਬੱਸੀ ਪਠਾਣਾਂ, 12 ਜੁਲਾਈ (ਰਾਜਨ ਭੱਲਾ)** ਘੱਟ ਗਿਣਤੀ ਅਤੇ ਦਲਿਤ ਦਲ ਦੀ ਇੱਕ ਅਹਿਮ ਮੀਟਿੰਗ ਜਥੇਬੰਦੀ ਦੇ ਸੂਬਾ ਪ੍ਰਧਾਨ ਹਰਵੇਲ ਸਿੰਘ ਮਾਧੋਪੁਰ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੇ ਮੁੱਖ ਦਫਤਰ ਮੋਰਿੰਡਾ ਰੋਡ ਬਸੀ ਪਠਾਣਾਂ ਵਿਖੇ ਹੋਈ। ਜਿਸ ਵਿੱਚ ਭਾਰਤੀ ਸੰਵਿਧਾਨ ਦੇ ਸੰਘਾਤਮਕ ਅਤੇ ਇਕਾਤਮਕ ਢਾਂਚੇ ਤੇ ਵਿਚਾਰ ਚਰਚਾ ਹੋਈ । ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾ ਪ੍ਰਧਾਨ ਹਰਵੇਲ ਸਿੰਘ ਮਾਧੋਪੁਰ ਨੇ ਕਿਹਾ ਕਿ ਕੇਂਦਰ ਸਰਕਾਰ ਰਾਜ ਸਰਕਾਰਾਂ ਨੂੰ ਆਪਣੀ ਕਠਪੁਤਲੀ ਬਣਾਉਣ ਲਈ ਅਤੇ ਆਪਣੇ ਰਹਿਮੋਂ ਕਰਮ ਤੇ ਰੱਖਣ ਲਈ ਹੌਲੀ ਹੌਲੀ ਸੰਘਾਤਮਕ ਢਾਂਚੇ ਨੂੰ ਖਤਮ ਕਰਨ ਵੱਲ ਵਧ ਰਹੀ ਹੈ ਅਤੇ ਦੇਸ਼ ਵਿਚ ਅੱਜ ਤੋਂ ਪੰਜਾਹ ਸਾਲ ਪਹਿਲਾਂ ਕੇਂਦਰ ਵਿੱਚ ਕਾਂਗਰਸ ਸਰਕਾਰ ਵੱਲੋਂ 1975 ਵਿੱਚ ਐਮਰਜੈਂਸੀ ਲਾਉਣ ਦੇ ਫੈਸਲੇ ਨੂੰ ਗਲਤ ਜਚਾ ਕੇ ,ਇਸਦਾ ਖੂਬ ਢੰਡੋਰਾ ਪਿੱਟ ਕੇ ਅਤੇ ਐਮਰਜੈਂਸੀ ਦੌਰਾਨ 1976 ਵਿੱਚ ਸੰਵਿਧਾਨ ਵਿੱਚ ਜੋੜੇ ਦੋ ਤਰਕਸੰਗਤ ਸ਼ਬਦਾਂ ਸਮਾਜਵਾਦ ਅਤੇ ਧਰਮ ਨਿਰਪੱਖ ਵਾਦ ਜਿਹੜੇ ਸਾਡੇ ਸਭਿਆਚਾਰ ਨੂੰ ਸੰਭਾਲਣ ਅਤੇ ਪ੍ਰਫੁੱਲਿਤ ਕਰਨ ਲਈ ਬਹੁਤ ਮਹੱਤਵ ਰੱਖਦੇ ਹਨ, ਨੂੰ ਵੀ ਸੰਵਿਧਾਨ ਵਿੱਚੋਂ ਕੱਢਣਾ ਚਾਹੁੰਦੀ ਹੈ ਤਾਂ ਜੋ ਦੇਸ਼ ਨੂੰ ਹਿੰਦੂ ਰਾਸ਼ਟਰ ਘੋਸ਼ਿਤ ਕਰਨ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ। ਮੀਟਿੰਗ ਦੌਰਾਨ ਇੱਕ ਮਤਾ ਪਾਸ ਕਰਕੇ ਕੇਂਦਰ ਸਰਕਾਰ ਅਤੇ ਰਾਜ਼ ਸਰਕਾਰ ਦੋਨਾਂ ਤੋਂ ਮੰਗ ਕੀਤੀ ਕਿ ਬਾਕੀ ਵਸਤਾਂ ਜਿਨ੍ਹਾਂ ਦੀ ਦੇਸ਼ ਵਾਸੀਆਂ ਨੂੰ ਬਹੁਤੀ ਲੋੜ ਨਹੀਂ ਮੁਫ਼ਤ ਵਿੱਚ ਦੇਂਣ ਦੀ ਥਾਂ ਤੇ ਦੇਸ਼ ਵਿੱਚ ਹਰੇਕ ਨਾਗਰਿਕ ਨੂੰ ਮੁਫ਼ਤ ਸਿੱਖਿਆ ਦਾ ਅਧਿਕਾਰ ਦਿੱਤਾ ਜਾਵੇ। ਇਸ ਮੌਕੇ ਭਗਤ ਸਿੰਘ ਪੰਜਕੋਹਾ ਮੁੱਖ ਸਲਾਹਕਾਰ, ਕ੍ਰਿਸ਼ਨ ਚੰਦ ਸੂਬਾ ਮੀਤ ਪ੍ਰਧਾਨ,ਮੇਜਰ ਚਰਨ ਸਿੰਘ ਸੂਬਾ ਜਨਰਲ ਸਕੱਤਰ,ਦਰਸ਼ਨ ਸਿੰਘ ਅਨਾਇਤ ਪੁਰ, ਦਰਬਾਰਾ ਸਿੰਘ ਸੂਬਾ ਵਿੱਤ ਸਕੱਤਰ, ਪ੍ਰਧਾਨ ਹਰਜਿੰਦਰ ਸਿੰਘ ਮਾਨੂੰਪੁਰ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਸੁਖਵਿੰਦਰ ਸਿੰਘ ਦੂੰਮਣਾਂ ਜ਼ਿਲ੍ਹਾ ਪ੍ਰਧਾਨ ਰੋਪੜ, ਸੂਬੇਦਾਰ ਮੇਜਰ ਮੇਜ਼ਰ ਸਿੰਘ ਕਲੌਂਦੀ ਜ਼ਿਲ੍ਹਾ ਸਰਪ੍ਰਸਤ ਫਤਹਿਗੜ੍ਹ ਸਾਹਿਬ, ਗੁਰਮੀਤ ਸਿੰਘ ਖੇੜੀ ਜ਼ਿਲ੍ਹਾ ਮੀਤ ਪ੍ਰਧਾਨ, ਰਾਕੇਸ਼ ਕੁਮਾਰ ਜ਼ਿਲ੍ਹਾ ਮੀਤ ਪ੍ਰਧਾਨ, ਮੇਵਾ ਸਿੰਘ ਫਤਹਿਪੁਰ ਜ਼ਿਲ੍ਹਾ ਮੀਤ ਪ੍ਰਧਾਨ,ਗੁਰਜੰਟ ਸਿੰਘ ਕੋਟਲਾ ਭਾਈ ਕਾ ਜ਼ਿਲ੍ਹਾ ਜਨਰਲ ਸਕੱਤਰ, ਸੁਰਿੰਦਰ ਸਿੰਘ ਜਵੰਦਾ ਜ਼ਿਲ੍ਹਾ ਜਨਰਲ ਸਕੱਤਰ, ਜੋਧ ਸਿੰਘ ਕਲੌੜ ਸਰਕਲ ਪ੍ਰਧਾਨ ਕਲੌੜ, ਰਾਮ ਰਾਜ ਧੀਮਾਨ ਸਰਕਲ ਪ੍ਰਧਾਨ ਬਸੀ ਪਠਾਣਾਂ ,ਜੋਗਾ ਸਿੰਘ ਡੰਘੇੜੀਆਂ ਸਰਕਲ ਪ੍ਰਧਾਨ ਖੇੜਾ, ਗੁਰਪਾਲ ਸਿੰਘ ਸਰਕਲ ਪ੍ਰਧਾਨ ਨੌਗਾਵਾਂ, ਹਰਕੇਵਲ ਸਿੰਘ ਸੈਫਲਪੁਰ ਸਰਕਲ ਪ੍ਰਧਾਨ ਮੂਲੇਪੁਰ,ਪਾਲਾ ਸਿੰਘ ਸੂਰੀ ਸਰਕਲ ਪ੍ਰਧਾਨ ਰਾਜਪੁਰਾ, ਸਰਬਜੀਤ ਸਿੰਘ ਪੱਪੀ, ਸਰਕਲ ਪ੍ਰਧਾਨ ਸਮਰਾਲਾ,ਗੁਰਚਰਨ ਸਿੰਘ ਬਮਨਾੜਾ,ਮਨਜੀਤ ਸਿੰਘ ਬਧੌਛੀ,ਸੁਰਧਾਨ ਸਿੰਘ ਪ੍ਰਧਾਨ, ਸੁੱਚਾ ਸਿੰਘ ਨਬੀਪੁਰ,ਬਲਦੇਵ ਸਿੰਘ ਥਾਬਲਾਂ, ਮੁਕੰਦੀ ਲਾਲ ਬਸੀ, ਬੇਅੰਤ ਸਿੰਘ ਸਿਕੰਦਰਪੁਰ, ਦਰਸ਼ਨ ਸਿੰਘ ਘੁਮੰਡਗੜ੍ਹ, ਉਜਾਗਰ ਸਿੰਘ ਸਾਬਕਾ ਸਰਪੰਚ, ਸੰਪੂਰਨ ਸਿੰਘ ਸਾਬਕਾ ਸਰਪੰਚ,ਇੰਦਰਪਾਲ ਸਿੰਘ ਬਸੀ, ਸੁਰਿੰਦਰ ਸਿੰਘ ਸਹੀਦਗੜ੍ਹ, ਸੁਖਦੇਵ ਸਿੰਘ ਲੁਹਾਰਮਾਜਰਾ, ਪ੍ਰਿੰਸੀਪਲ ਧਿਆਨ ਸਿੰਘ ਆਦਿ ਹਾਜ਼ਰ ਸਨ।



# ਸ਼ਿਵ ਗੌਰਾਂ ਲੰਗਰ ਕਮੇਟੀ ਵੱਲੋਂ 12ਵਾਂ ਵਿਸ਼ਾਲ ਭੰਡਾਰਾ 19 ਜੁਲਾਈ ਤੋਂ



**ਗਿੱਦੜਬਾਹਾ, 12 ਜੁਲਾਈ (ਕੁਲਭੂਸ਼ਨ ਗਰਗ)** - ਸ਼ਿਵ ਗੌਰਾਂ ਲੰਗਰ ਕਮੇਟੀ ਗਿੱਦੜਬਾਹਾ ਵੱਲੋਂ ਕਾਂਵੜ ਯਾਤਰੀਆਂ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 12ਵਾਂ ਵਿਸ਼ਾਲ ਭੰਡਾਰਾ (ਸ਼ਿਵਰ) ਗਿੱਦੜਬਾਹਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਕਮੇਟੀ ਦੇ ਪ੍ਰਧਾਨ ਵਿਜੇ ਬਾਂਸਲ ਨੇ ਦੱਸਿਆ ਕਿ ਕਾਂਵੜ ਲੈ ਕੇ ਆਉਣ ਵਾਲੇ ਸ਼ਰਧਾਲੂਆਂ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਠਿੰਡਾ ਰੋਡ ਸਥਿਤ ਮੱਕੜ ਪੈਲੇਸ ਗਿੱਦੜਬਾਹਾ ਵਿਖੇ 19 ਤੋਂ 22 ਜੁਲਾਈ ਤੱਕ ਭੰਡਾਰਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਆਯੋਜਿਤ ਕੀਤੇ ਜਾਣ ਵਾਲੇ ਸ਼ਿਵਰ ਵਿਚ ਕਾਂਵੜੀਆਂ ਦੇ ਠਹਿਰਣ, ਅਰਾਮ ਕਰਨ, ਮੈਡੀਸਨ ਅਤੇ ਨਹਾਉਣ ਦਾ ਵਿਸ਼ੇਸ਼ ਇੰਤਜਾਮ ਕੀਤਾ ਜਾਵੇਗਾ। ਇਸ ਮੌਕੇ ਸੰਜੀਵ ਕੁਮਰ, ਉਮੇਸ਼ ਬਾਂਸਲ ਨੀਟਾ, ਸ਼ੁਸੀਲ ਕੁਮਰ ਅਤੇ ਜਗਸੀਰ ਸਿੰਘ ਆਦਿ ਵੀ ਮੌਜੂਦ ਸਨ।

# ਭਾਜਪਾ ਆਗੂਆਂ ਤੇ ਵਰਕਰਾਂ ਨੇ ਅਸ਼ਵਨੀ ਸ਼ਰਮਾ ਨੂੰ ਪੰਜਾਬ ਦਾ ਕਾਰਜਕਾਰਨੀ ਪ੍ਰਧਾਨ ਚੁਣੇ ਜਾਣ 'ਤੇ ਲੱਡੂ ਵੰਡੇ

## ਅਸ਼ਵਨੀ ਸ਼ਰਮਾ ਸੂਝਵਾਨ 'ਤੇ ਸਿਆਣੇ ਨੇਤਾ, ਜਿਨ੍ਹਾਂ ਦੀ ਅਗਵਾਈ 'ਚ ਪਾਰਟੀ ਹੋਵੇਗੀ ਮਜਬੂਤ - ਪ੍ਰਿੰਸੀਪਲ ਸ਼ਰਮਾ



**ਦੋਰਾਹਾ, 12 ਜੁਲਾਈ (ਲਾਲ ਸਿੰਘ ਮਾਂਗਟ)**- ਅੱਜ ਭਾਰਤੀ ਜਨਤਾ ਪਾਰਟੀ ਦੇ ਪ੍ਰਮੁੱਖ ਆਗੂਆਂ 'ਤੇ ਵਰਕਰਾਂ ਵੱਲੋਂ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਦਾ ਕਾਰਜਕਾਰਨੀ ਪ੍ਰਧਾਨ ਚੁਣੇ ਜਾਣ 'ਤੇ ਜਿਲ੍ਹਾ ਪ੍ਰਧਾਨ, ਜਿਲ੍ਹਾ ਜਨਰਲ ਸਕੱਤਰ ਪ੍ਰਿਸ਼ੀਪਲ ਜਤਿੰਦਰ ਸ਼ਰਮਾ 'ਤੇ ਉਪ ਪ੍ਰਧਾਨ ਡਾ.ਅਸ਼ੀਸ਼ ਸੂਦ , ਉਪ ਪ੍ਰਧਾਨ ਨਾਰੇਸ਼ ਆਨੰਦ ਦੀ ਸਾਂਝੀ ਅਗਵਾਈ ਹੇਠ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ।ਇਸ ਸਮੇਂ ਆਗੂਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਹਮੇਸਾ ਪਾਰਟੀ ਪ੍ਰਤੀ ਕੰਮ ਕਰਨ ਵਾਲੇ ਆਗੂਆਂ 'ਤੇ ਵਰਕਰ੍ਹਾਂ ਨੂੰ ਪਾਰਟੀ ਵਿੱਚ ਚੰਗੇ ਆਹੁਦਿਆਂ ਨਾਲ ਨਿਵਾਜਿਆ ਗਿਆ ਹੈ ਅਤੇ ਅਸ਼ਵਨੀ ਸ਼ਰਮਾ ਇੱਕ ਬਹੁਤ ਹੀ ਸੂਝਵਾਨ 'ਤੇ ਸਿਆਣੇ ਨੇਤਾ ਹਨ ਜਿਨ੍ਹਾਂ ਦੀ ਅਗਵਾਈ ਹੇਠ ਪੰਜਾਬ ਅੰਦਰ ਪਾਰਟੀ ਹੋਰ ਮਜਬੂਤ ਹੋਵੇਗੀ ।ਇਸ ਮੌਕੇ ਮੰਡਲ ਪ੍ਰਧਾਨ ਦੋਰਾਹਾ ਜਗਤਾਰ ਸਿੰਘ ਕੁੱਕਾ ਕੱਦੋਂ , ਮੰਡਲ ਪ੍ਰਧਾਨ ਪਾਇਲ ਭਜਨ ਸਿੰਘ , ਕੁਲਦੀਪ ਸਿੰਘ ਸੋਮਲ ਮੰਡਲ ਪ੍ਰਧਾਨ ਮਲੋਦ, ਨਰਿੰਦਰ ਸਿੰਘ ਜਿਲ੍ਹਾ ਪ੍ਰਧਾਨ ਐਸ.ਸੀ ਵਿੰਗ , ਕੁਲਜੀਤ ਸਿੰਘ ਕਾਕਾ ਮੰਡਲ ਪ੍ਰਧਾਨ ਜਰਗ , ਰਾਹੁਲ ਸਿੰਘ ਜਿਲ੍ਹਾ ਪ੍ਰਧਾਨ ਪ੍ਰਵਾਸੀ ਸੈੱਲ , ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ ਮਨਪ੍ਰੀਤ ਸਿੰਘ ਰੌਲ, ਸਿਮਰੂ ਦੀਵਾ ,ਸਰਬਜੀਤ ਸਿੰਘ , ਹਰਨੇਕ ਸਿੰਘ ਕਨੇਚ , ਪਰਮਿੰਦਰ ਸਿੰਘ , ਕਰਨੈਲ ਸਿੰਘ , ਪੰਡਿਤ ਮਨੋਜ ਕੁਮਾਰ , ਸੁਪ੍ਰੀਤ ਸਿੰਘ ਕੱਦੋਂ , ਸੁਖਪਾਲ ਸਿੰਘ ਮਠਾੜੂ , ਰਣਜੀਤ ਸਿੰਘ ਕਾਕਾ ,ਨਿਰਮਲ ਸਿੰਘ ,ਗਗਨਦੀਪ ਸਿੰਘ ,ਪਰਮਿੰਦਰ ਸਿੰਘ ਗਿੱਲ ,ਸ਼ਪਿੰਦਰ ਸਿੰਘ ਗਿੱਦੜੀ 'ਤੇ ਤਰਸ਼ੇਮ ਲਾਲ , ਹਿਤੇਸ਼ ਕੁਮਾਰ,ਸੋਰਵ ਮੁਨੀਸ਼ ਤਿਵਾੜੀ, ਬੋਬੀ ਸ਼ਾਹਪੁਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭਾਜਪਾ ਆਗੂਆਂ 'ਤੇ ਵਰਕਰਾਂ ਨੇ ਪ੍ਰਧਾਨ ਚੀਮਾਂ 'ਤੇ ਪ੍ਰਿਸ਼ੀਪਲ ਸ਼ਰਮਾ , ਡਾ. ਸ਼ੂਦ ਦਾ ਮੰਹ ਮਿੱਠਾ ਕਰਵਾਇਆ ਅਤੇ ਨਵੇਂ ਚੁਣੇ ਗਏ ਕਾਰਜਕਾਰਨੀ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਵਧਾਈ ਦਿੱਤੀ 'ਤੇ ਭਾਜਪਾ ਹਾਈਕਮਾਂਡ ਦਾ ਧੰਨਵਾਦ ਕੀਤਾ।

# ਪਾਣੀਆਂ ਦੇ ਰਾਖੇ ਭਾਈ ਬਲਵਿੰਦਰ ਸਿੰਘ ਜਟਾਣਾ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ

## 'ਅਕਾਲੀ ਵਾਰਿਸ ਪੰਜਾਬ' ਵੱਲੋਂ ਸਮਾਗਮ ਦਾ ਆਯੋਜਨ, ਸ਼ਹੀਦਾਂ ਦੇ ਪਰਿਵਾਰਾਂ ਨੂੰ ਕੀਤਾ ਗਿਆ ਸਨਮਾਨਿਤ

**ਮੋਗਾ, 12 ਜੁਲਾਈ (ਸਤਨਾਮ ਸਿੰਘ ਘਾਰੂ/ਅਮਨ ਸੀਹਰਾ)** ਸਿੱਖ ਕੌਮ ਦੀਆਂ ਰੂਹਾਨੀ ਤੇ ਸਿਆਸੀ ਲੜਾਈਆਂ ਵਿੱਚ ਆਪਣੀ ਕੁਰਬਾਨੀ ਨਾਲ ਇਤਿਹਾਸ ਰਚਣ ਵਾਲੇ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਜਨਮ ਦਿਹਾੜੇ ਮੌਕੇ ਮੋਗਾ ਵਿਖੇ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਹ ਸਮਾਗਮ ਅਕਾਲੀ ਵਾਰਿਸ ਪੰਜਾਬ ਵੱਲੋਂ ਕਰਵਾਇਆ ਗਿਆ ਜਿਸ ਵਿੱਚ ਵਿਅਕਤੀਆਂ ਨੇ ਭਾਈ ਸਾਹਿਬ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਉਨ੍ਹਾਂ ਦੀ ਬਹਾਦਰੀ, ਨਿਡਰਤਾ ਅਤੇ ਪਾਣੀਆਂ ਦੀ ਰਾਖੀ ਲਈ ਦਿੱਤੀ ਕੁਰਬਾਨੀ ਨੂੰ ਯਾਦ ਕੀਤਾ। ਭਾਈ ਬਲਵਿੰਦਰ ਸਿੰਘ ਜਟਾਣਾ, ਜੋ ਕਿ ਪੰਜਾਬ ਵਿਚ ਪਾਣੀ ਦੇ ਹੱਕਾਂ ਲਈ ਆਖਰੀ ਸਾਹ ਤਕ ਲੜੇ, ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ "ਅਜਿਹੇ ਮਹਾਨ ਸੂਰਮੇ ਸਾਡੀ ਕੌਮ ਦੀ ਵਿਰਾਸਤ ਹਨ। ਇਹਨਾਂ ਦੀ ਸ਼ਹਾਦਤ ਨਾ ਸਿਰਫ਼ ਇਤਿਹਾਸ ਦਾ ਹਿੱਸਾ ਹੈ, ਸਗੋਂ ਨਵੀਂ ਪੀੜ੍ਹੀ ਲਈ ਰਾਹ ਦਿਖਾਉਣ ਵਾਲੀ ਜੋਤ ਹੈ।

**ਜੀਵਨ ਸਫ਼ਰ ਅਤੇ ਸੰਘਰਸ਼**

ਦਵਿੰਦਰ ਸਿੰਘ ਹਰੀਏਵਾਲਾ ਨੇ ਭਾਈ ਜਟਾਣਾ ਦੀ ਜੀਵਨੀ 'ਤੇ ਰੋਸ਼ਨੀ ਪਾਂਦਿਆਂ ਦੱਸਿਆ ਕਿ ਉਨ੍ਹਾਂ ਦਾ ਜਨਮ 10 ਜੁਲਾਈ 1963 ਨੂੰ ਪਿੰਡ ਸਲੇਮਪੁਰ (ਰੂਪਨਗਰ ਜ਼ਿਲ੍ਹਾ) ਵਿੱਚ ਇੱਕ ਰਾਮਗੜ੍ਹੀਆ ਗੁਰਸਿੱਖ ਪਰਿਵਾਰ ਵਿਚ ਹੋਇਆ। ਪਿਤਾ ਸਰਦਾਰ ਸੋਹਣ ਸਿੰਘ ਅਤੇ ਮਾਤਾ ਨਸੀਬ ਕੌਰ ਦੇ ਸੰਸਕਾਰਾਂ ਹੇਠ ਉਨ੍ਹਾਂ ਨੇ ਬਚਪਨ ਤੋਂ ਹੀ ਧਾਰਮਿਕ ਅਤੇ ਕੌਮੀ ਚੇਤਨਾ ਵਾਲਾ ਜੀਵਨ ਜਿਉਣ ਦੀ ਸਿਖਿਆ ਲਈ।

ਉਨ੍ਹਾਂ ਨੇ ਆਪਣੀ ਬੀ.ਏ. ਦੀ ਪੜ੍ਹਾਈ ਬੇਲੇ ਕਾਲਜ ਤੋਂ ਕੀਤੀ ਤੇ ਰੋਪੜ ਕਾਲਜ ਤੋਂ ਐਮ.ਏ. ਕਰਦੇ ਸਮੇਂ ਸਿੱਖ ਸੰਘਰਸ਼ ਨਾਲ ਜੁੜ ਗਏ। ਪਿੰਡ ਜਟਾਣਾ ਦੇ ਵਸਨੀਕ ਹੋਣ ਕਰਕੇ ਲੋਕ ਉਨ੍ਹਾਂ ਨੂੰ ਭਾਈ ਬਲਵਿੰਦਰ ਜਟਾਣਾ ਦੇ ਨਾਂਅ ਨਾਲ ਜਾਣਦੇ ਹਨ। ਭਾਈ ਜੀ ਨੇ ਆਪਣੇ ਕੌਮੀ ਹੱਕਾਂ ਲਈ ਲੜਦਿਆਂ 31 ਜੁਲਾਈ 1991 ਨੂੰ ਆਪਣੀ ਸ਼ਹਾਦਤ ਦੇ ਕੇ ਇਤਿਹਾਸ ਵਿੱਚ ਨਾਮ ਅਮਰ ਕਰ ਲਿਆ।

**ਮਾਧਿਅਮਾਂ ਰਾਹੀਂ ਵੀ ਜੀਵੰਤ ਰਿਹਾ ਨਾਂਅ**

ਸਿੱਖ ਜਾਗਰੂਕਤਾ ਦੇ ਨਾਲ-ਨਾਲ ਭਾਈ ਜਟਾਣਾ ਦੀ ਸ਼ਖ਼ਸੀਅਤ ਨੂੰ ਲੋਕਗਾਇਕ ਸਿੱਧੂ ਮੂਸੇਵਾਲਾ ਨੇ ਆਪਣੇ ਗੀਤ SYL ਰਾਹੀਂ ਦੁਨੀਆ ਸਾਹਮਣੇ ਲਿਆਂਦਾ। ਇਸ ਗੀਤ ਨੇ ਨਾਂ ਕੇਵਲ ਪਾਣੀ ਦੇ ਮੁੱਦੇ ਨੂੰ ਫਿਰ ਤੋਂ ਮੱਖੀ ਰੇਖਾ ਬਣਾਇਆ, ਸਗੋਂ ਭਾਈ ਜਟਾਣਾ ਨੂੰ ਨਵੀਂ ਪੀੜ੍ਹੀ ਵਿੱਚ ਵੀ ਇਕ ਪ੍ਰੇਰਨਾਦਾਇਕ ਚਿਹਰਾ ਬਣਾਇਆ। ਇਸੇ ਸੰਦਰਭ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਵਿਖੇ ਸਥਿਤ ਸਿੱਖ ਅਜਾਇਬ ਘਰ ਵਿੱਚ ਉਨ੍ਹਾਂ ਦੀ ਤਸਵੀਰ ਵੀ ਸਥਾਪਿਤ ਕੀਤੀ ਗਈ ਹੈ।



**ਸ਼ਹੀਦ ਪਰਿਵਾਰਾਂ ਦਾ ਸਨਮਾਨ, ਸਾਬਕਾ ਸਾਥੀਆਂ ਦੀ ਹਾਜ਼ਰੀ**- ਸਮਾਗਮ ਦੌਰਾਨ ਭਾਈ ਜਟਾਣਾ ਦੇ ਸਾਥੀ ਰਹੇ ਭਾਈ ਚਰਨਜੀਤ ਸਿੰਘ ਚੰਨਾ ਅਤੇ ਦੋਹਾਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਕਾਲੀ ਵਾਰਿਸ ਪੰਜਾਬ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੀ ਯਾਦ ਨੂੰ ਨਮਨ ਕਰਦੇ ਹੋਏ ਕਿਹਾ ਗਿਆ ਕਿ ਕੌਮ ਨੂੰ ਜੇਕਰ ਆਪਣਾ ਇਤਿਹਾਸ ਚੰਗੀ ਤਰ੍ਹਾਂ ਯਾਦ ਹੋਵੇ, ਤਾਂ ਆਉਣ ਵਾਲੀ ਪੀੜ੍ਹੀ ਕਦੇ ਵੀ ਭਟਕਦੀ ਨਹੀਂ।

**ਆਗੂਆਂ ਦੀ ਭਾਗੀਦਾਰੀ**

ਸਮਾਗਮ ਵਿੱਚ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ, ਮਨਦੀਪ ਸਿੱਧੂ, ਦਵਿੰਦਰ ਸਿੰਘ ਹਰੀਏਵਾਲਾ, ਸਾਬਕਾ ਸਰਪੰਚ ਬੋਹੜ ਸਿੰਘ (ਪਿੰਡ ਰੋਡੇ), ਛਿੰਦਰ ਸਿੰਘ, ਪੰਚਾਇਤ ਮੈਂਬਰ ਬਿਦਰ ਸਿੰਘ, ਚਰਨਜੀਤ ਸਿੰਘ, ਹਾਕਮ ਸਿੰਘ, ਹਰਮਨਪ੍ਰੀਤ ਸਿੰਘ ਨੱਥੂਵਾਲਾ, ਜਗਜੀਤ ਸਿੰਘ, ਗੁਰਵਿੰਦਰ ਸਿੰਘ, ਭਾਈ ਜਗਜੀਤ ਸਿੰਘ ਭੁੱਲਰ ਸਮੇਤ ਕਈ ਹੋਰ ਆਗੂਆਂ ਨੇ ਹਾਜ਼ਰੀ ਲਗਾਈ।

ਸਭ ਨੇ ਇਕਸੁਰ ਹੋਕੇ ਇਹ ਘੋਸ਼ਣਾ ਕੀਤੀ ਕਿ ਭਾਈ ਬਲਵਿੰਦਰ ਜਟਾਣਾ ਵਰਗੀਆਂ ਸ਼ਖ਼ਸੀਅਤਾਂ ਸਾਡੀ ਕੌਮ ਦੇ ਅਸਲ ਹੀਰੋ ਹਨ ਜਿਨ੍ਹਾਂ ਨੂੰ ਸਦੀਆਂ ਤਕ ਯਾਦ ਰੱਖਣ ਦੀ ਲੋੜ ਹੈ।

# ਸੰਤਾਂ ਸਿੰਘ ਭੁੱਲਰ ਦੀ ਅੰਤਿਮ ਅਰਦਾਸ ਵਿੱਚ ਹਾਜ਼ਰੀ ਲਵਾਉਣ ਅਤੇ ਸ਼ਰਧਾਂਜਲੀ ਦੇਣ ਲਈ ਵੱਡੀ ਗਿਣਤੀ ਵਿੱਚ ਪਹੁੰਚੀਆਂ ਵੱਖ ਵੱਖ ਸੰਸਥਾਵਾਂ ਦੀਆਂ ਸ਼ਖ਼ਸ਼ੀਅਤਾਂ

**ਜਲਾਲਾਬਾਦ 12 ਜੁਲਾਈ (ਗਗਨ ਵਾਟਸ)** :- ਸੰਤਾਂ ਸਿੰਘ ਭੁੱਲਰ (ਜਾਮਣੀਆਂ) ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ-ਕਰਦੇ, ਪ੍ਰਮਾਤਮਾ ਵੱਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ, ਪਿੱਛੇ ਦਿਨੀਂ ਪਰਿਵਾਰ ਨੂੰ ਅਚਾਨਕ ਹੀ ਸਦੀਵੀਂ ਵਿਛੋੜਾ ਦੇ ਗਏ ਸਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ, ਸ਼੍ਰੀ ਸਹਿਜ਼ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਮੌਕੇ ਵੱਡੀ ਗਿਣਤੀ ਵਿੱਚ ਵੱਖ-ਵੱਖ ਸੰਸਥਾਵਾਂ ਦੇ ਆਗੂ ਪਹੁੰਚੇ। ਇਸ ਸੋਗ ਸਮਾਰੋ ਵਿੱਚ ਬਾਬਾ ਸੋਹਣ ਸਿੰਘ, ਅੰਸਬੰਸ ਸੰਤ ਬਾਬਾ ਤਾਰਾ ਸਿੰਘ ਖੁਸ਼ਦਿਲ ਜੀ ਨੇ ਕਥਾ ਵਿਚਾਰਾਂ ਅਤੇ ਕਿਰਤਨੀ ਜਥਾ ਭਾਈ ਜਸਵੰਤ ਸਿੰਘ ਜੀ ਨੇ ਵੈਰਾਗਮਈ ਕੀਰਤਨ ਕਰਕੇ ਆਪਣੀ ਹਾਜ਼ਰੀ ਭਰੀ । ਸ. ਸੰਤਾਂ ਸਿੰਘ ਭੁੱਲਰ ਦੀ ਅੰਤਿਮ ਅਰਦਾਸ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਦੀ ਰਸਮ ਫਿਲਮੀ ਪ੍ਰੋਡਿਊਸਰ ਤੇ ਅਦਾਕਾਰ ਭੋਲਾ ਲਾਲਪੁਰੀਆ ਨੇ ਸ਼ੁਰੂ ਕੀਤੀ । ਇਸ ਦੇ ਨਾਲ ਹੀ ਆਰਮੀ ਕੈਪਟਨ ਸਰਦਾਰ ਮੁਕੰਦ ਸਿੰਘ ਚੰਡੀਗੜ੍ਹ, ਸਮਾਜ ਸੇਵੀ ਆਗੂ ਡਾਂ ਬੀ. ਡੀ. ਕਾਲੜਾ ਨੇ ਵੀ ਆਪਣੇ ਅਨਮੋਲਕ ਵਿਚਾਰਾਂ ਨਾਲ ਸੁਰਗਵਾਸੀ ਸਰਦਾਰ ਸੰਤਾ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ । ਉਹਨਾਂ ਕਿਹਾ ਕਿ ਸ ਸੰਤਾਂ ਸਿੰਘ ਵਰਗੀਆਂ ਸੱਚੀਆਂ ਸੁੱਚੀਆਂ ਰੱਬੀ ਰੂਹਾ ਸੰਸਾਰ ਤੇ ਬਹੁਤ ਘੱਟ ਮਿਲਦੀਆਂ ਹਨ। ਉਹਨਾਂ ਦੱਸਿਆ ਕਿ ਸ ਸੰਤਾਂ ਸਿੰਘ ਭੁੱਲਰ ਨੇ ਆਪਦੀ ਜ਼ਿੰਦਗੀ ਵਿੱਚ ਹਮੇਸ਼ਾ ਹੀ ਇਮਾਨਦਾਰੀ ਨਾਲ ਕਿਰਤ ਕੀਤੀ ਅਤੇ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦਿੱਤੇ।

ਸ ਸੰਤਾਂ ਸਿੰਘ ਭੁੱਲਰ ਜੀ ਦੀ ਅੰਤਿਮ ਅਰਦਾਸ ਸਮੇਂ ਜਿੱਥੇ ਰਿਸ਼ਤੇਦਾਰ ਸਾਕ ਸਬੰਧੀ, ਨਗਰ, ਅਤੇ ਇਲਾਕਾ ਨਿਵਾਸੀ ਪਹੁੰਚੇ ਉੱਥੇ ਹੀ



ਉਹਨਾਂ ਦੇ ਸਪੁੱਤਰ ਐਕਟਰ ਬਿੰਦੂ ਭੁੱਲਰ ਅਤੇ ਬਾਕੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਫ਼ਿਲਮੀ ਜਗਤ ਦੀਆਂ ਹਸਤੀਆਂ ਨੇ, ਜਿਵੇਂ ਫਿਲਮ ਡਾਇਰੈਕਟਰ ਸੁਖਮਿੰਦਰ ਧੰਜਲ ਮੁੰਬਈ, ਡਾਇਰੈਕਟਰ ਦੇਵੀ ਸ਼ਰਮਾ, ਡਾਇਰੈਕਟਰ ਮਨਜੀਤ ਟੋਨੀ ਫਰੀਦਕੋਟ, ਡਾਇਰੈਕਟਰ ਅਮਰਜੀਤ ਖੁਰਾਣਾ, ਡਾਇਰੈਕਟਰ ਵਿਨੋਦ ਕੁਮਾਰ ਚੰਡੀਗੜ੍ਹ, ਡਾਇਰੈਕਟਰ ਪ੍ਰਦੀਪ ਭੁੱਲਰ, ਡਾਇਰੈਕਟਰ ਕੇ ਡੀ ਸਿੰਘ, ਗੁਰਮੀਤ ਸਿੰਘ ਸਜਾਨ, ਪ੍ਰਕਾਸ਼ ਸਿੰਘ ਗਾਦੂ, ਗੁਰਜੰਟ ਸਿੰਘ ਬਰਾੜ, ਰੰਗ ਦੇਵ, ਹਰਦੀਪ ਸਿੰਘ ਭਾਈਕਾ, ਗੁਰਚੇਤ ਚਿੱਤਰਕਾਰ, ਗੁਰਪ੍ਰੀਤ ਤੋਤੀ, ਮੈਡਮ ਸੁੱਖਪਾਲ ਕੌਰ UK, ਮੈਡਮ ਸੁਰਿੰਦਰ ਕੌਰ ਖਿਲਚੀਆ ਅੰਮ੍ਰਿਤਸਰ, ਮੈਡਮ ਰਮਨ ਸੰਧੂ ਲੁਧਿਆਣਾ, ਮੋਡਲ ਪ੍ਰੀਤ ਕੌਰ, ਮੈਡਮ ਅਮਨ ਸੈਖੋਂ ਚੰਡੀਗੜ੍ਹ, ਭੋਲਾ ਲਾਇਲਪੁਰੀਆ, ਕੁਲਦੀਪ ਨਿਆਮੀ, ਬੂਟਾ ਗਰਾਰੀ, ਰਵੀ ਵੜਿੰਗ, ਅਮਰਜੀਤ ਸੇਖੋਂ, ਜਗਤਾਰ ਸਿੰਘ ਬੇਨੀਪਾਲ, ਨਵੀਰ ਚਹਿਲ, ਗਗਨ ਸੰਧੂ, ਜਗਦੀਪ ਸਿੰਘ ਮੋਗਾ, ਬੂਟਾ ਫਿਰੋਜ਼ਪੁਰ, ਅਰਸ਼ ਫਿਰੋਜ਼ਪੁਰ, ਗਾਇਕ ਜਗਦੇਵ ਭੂੰਦੜ ਚੰਡੀਗੜ੍ਹ, ਗਾਇਕ ਇੰਦਰਬੀਰ ਸਿੱਧੂ, ਗਾਇਕ ਗੁਰਮੀਤ ਪੰਜਾਬੀ, ਗਾਇਕ ਜੱਸੀ ਗਿੱਲ, ਬਿੱਲਾ, ਗਾਇਕ ਨਾਥ ਜੰਡ ਵਾਲੀਆਂ, ਗੀਤਕਾਰ ਮਹਿਲਾ ਪੂਨੀ, ਗੀਤਕਾਰ ਡੀ ਸੀ ਸਿੰਘ ਮਹਿਰਾਜ ਵਾਲਾ, ਜਥੇਦਾਰ ਭਾਈ ਨਰਿੰਦਰਪਾਲ ਸਿੰਘ ਵੈਰਡ ਮੂਲਿਆ ਵਾਲਾ, ਪ੍ਰਧਾਨ ਰਜਿੰਦਰ ਸਿੰਘ ਬੱਬੂ ਮੋਹਾਲੀ, ਕੈਪਟਨ ਮੁਕੰਦ ਸਿੰਘ ਚੰਡੀਗੜ੍ਹ , ਸਰਪੰਚ ਗੋਪਾਲ ਸਿੰਘ ਮੋਹਾਲੀ ਸਮਾਜ ਸੇਵੀ ਐਚ ਪੀ ਸਿੰਘ ਮੋਹਾਲੀ, ਸਮਾਜ ਸੇਵੀ ਸ਼੍ਰੀ ਕਰਮ ਚੰਦ ਮੋਹਾਲੀ, ਸਮਾਜ ਸੇਵੀ ਡਾ ਬੀ. ਡੀ. ਕਾਲੜਾ , ਸਾਬਕਾ ਸਰਪੰਚ ਮੁੱਖਪਾਲਦੀਪ ਸਿੰਘ ਲਾਡੀ ਪਾਕਾ, ਸਾਬਕਾ ਸਰਪੰਚ ਜਸਵਿੰਦਰ ਸਿੰਘ ਬੱਠੂ, ਕੁਲਦੀਪ ਸਿੰਘ ਭੁੱਲਰ, ਸੇਮਾ ਸੰਧੂ, ਨਵਦੀਪ ਭਾਗਸਰ, ਸਾਬਕਾ ਸਰਪੰਚ ਮਹਿਤਾਬ ਸਿੰਘ ਭੋਲਾ, ਸਰਪੰਚ ਬਲਜੀਤ ਸਿੰਘ, ਬਿੱਟੂ ਸੰਧੂ ਜੰਡ ਵਾਲਾ ਭੀਮੇ ਸ਼ਾਹ, ਬੱਗਾ ਕੰਬੋਜ, ਵਿਕਾਸ ਬੱਠਲਾਂ ਫਾਜ਼ਿਲਕਾ, ਸ਼ਿਵ ਜੰਜੋਰੀਆ ਫਾਜ਼ਿਲਕਾ, ਪੰਜਾਬ ਪੁਲਿਸ ਡੀ ਐਸ ਪੀ ਅਤੁੱਲ ਸੋਨੀ, ਇੰਸਪੈਕਟਰ ਕੁਲਵਿੰਦਰ ਸਿੰਘ ਬਾਜਵਾ ਚੰਡੀਗੜ੍ਹ, ਇੰਸਪੈਕਟਰ ਚਰਨਜੀਤ ਸਿੰਘ ਅੱਬਲੁ, ਇੰਸਪੈਕਟਰ ਲਵਮੀਤ ਕੌਰ ਭੁੱਲਰ ਇੰਚਾਰਜ ਸ਼੍ਰੀ ਮੁਕਤਸਰ ਸਾਹਿਬ, ਏ ਐਸ ਆਈ ਨਿਸ਼ਾਨ ਸਿੰਘ ਧਾਲੀਵਾਲ ਹਰਿਆਣਾ ਪੁਲਿਸ। ਆਖਿਰ ਵਿਚ ਭੋਲਾ ਲਾਲਪੁਰੀਆ ਨੇ ਸਮੂਹ ਭੁੱਲਰ ਪਰਿਵਾਰ ਵੱਲੋਂ ਇਸ ਦੁੱਖ ਦੀ ਘੜੀ ਵਿੱਚ ਦੁੱਖ ਵੰਡਾਵਣ ਲਈ ਪਹੁੰਚੇ ਸਾਕ ਸਬੰਧੀ, ਰਿਸ਼ਤੇਦਾਰ ਦੋਸਤ ਮਿੱਤਰ ਅਤੇ ਫ਼ਿਲਮੀ ਜਗਤ ਦੀਆਂ ਹਸਤੀਆਂ ਦਾ ਧੰਨਵਾਦ ਕੀਤਾ।

# ਭਾਜਪਾਈਆਂ ਸਾੜਿਆ ਭਗਵੰਤ ਮਾਨ ਦਾ ਪੁਤਲਾ

## ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਵਿਰੁੱਧ ਟਿਪਣੀ ਗੈਰ ਸੰਵਿਧਾਨਕ : ਨਰਸੋਤ



**ਪਾਤੜਾਂ 12ਜੁਲਾਈ ਜਸਵਿੰਦਰ ਸਿੰਘ ਪਾਰਸ** - ਕੱਲ ਵਿਧਾਨ ਸਭਾ ਸੈਸ਼ਨ ਦੌਰਾਨ ਪ੍ਰਧਾਨਮੰਤਰੀ ਨਰਿੰਦਰ ਮੋਦੀ ਜੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਖਿਲਾਫ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੀ ਗਈ ਅਪਮਾਨਜਨਕ ਟਿੱਪਣੀ ਦੇ ਰੋਸ ਵਜੋਂ ਸਮੂਹ ਭਾਰਤੀ ਜਨਤਾ ਪਾਰਟੀ ਹਲਕਾ ਸ਼ੁਤਰਾਣਾ ਦੀ ਟੀਮ ਵੱਲੋਂ ਪੁਤਲਾ ਫੂਕ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਭਾਜਪਾ ਨਰਾਇਣ ਸਿੰਘ ਨਰਸੋਤ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਵਿਧਾਨ ਸਭਾ ਵਿਚ ਜੋ ਪ੍ਰਧਾਨ ਮੰਤਰੀ ਨਰਿੰਦਰ ਦਾਮੋਦਰ ਦਾਸ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਖਿਲਾਫ਼ ਸ਼ਬਦਾਵਲੀ ਵਰਤੀ ਹੈ ਇਹ ਬਿਲਕੁਲ ਘਟੀਆ ਕਿਸਮ ਦੀ ਹੈ ਅਤੇ ਅੱਜ ਸਮੁੱਚੀ ਹਲਕਾ ਸ਼ੁਤਰਾਣਾ ਦੀ ਭਾਜਪਾ ਟੀਮ ਵੱਲੋਂ ਉਸਦਾ ਪੁਤਲਾ ਫੂਕ ਕੇ ਵਿਰੋਧ ਪ੍ਰਦਰਸ਼ਨ ਕੀਤਾ ਹੈ। ਪੁਤਲਾ ਸਾੜਨ ਵੇਲੇ ਸਤੀਸ਼ ਗਰਗ ਸਰਕਲ ਪ੍ਰਧਾਨ, ਮੁਖਤਿਆਰ ਸਿੰਘ ਮੋਖਾ ਮੈਂਬਰ ਪੰਜਾਬ ਕਾਰਜਕਾਰੀ ਕਮੇਟੀ ਭਾਜਪਾ,ਪ੍ਰੇਮ ਚੰਦ ਸਰਕਲ ਪ੍ਰਧਾਨ, ਸੰਤ ਰਾਮ ਸਰਕਲ ਪ੍ਰਧਾਨ, ਬਗੀਚਾ ਸਿੰਘ ਦੁਤਾਲ ਜ਼ਿਲ੍ਹਾ ਪ੍ਰਧਾਨ ਕਿਸਾਨ ਮੋਰਚਾ, ਸਰਦੂਲ ਸਿੰਘ ਸੰਧੂ ਜ਼ਿਲ੍ਹਾ ਵਾਇਸ ਪ੍ਰਧਾਨ ਕਿਸਾਨ ਮੋਰਚਾ,ਲਾਲ ਚੰਦ ਲਾਲੀ ਸਾਬਕਾ ਸਰਕਲ ਪ੍ਰਧਾਨ, ਡਾ ਰੂਡ ਸਿੰਘ ਸਾਬਕਾ ਸਰਕਲ ਪ੍ਰਧਾਨ,ਸੂਬਾ ਸਿੰਘ ਸਾਬਕਾ ਸਰਪੰਚ, ਬਲਜੀਤ ਸਿੰਘ ਬੱਲੀ, ਗਿਆਨ ਸਿੰਘ ਜ਼ਿਲ੍ਹਾ ਵਾਇਸ ਪ੍ਰਧਾਨ ਕਿਸਾਨ ਮੋਰਚਾ, ਵਿਜੈ ਪਤਲੀ, ਗਿਆਨ ਚੰਦ ਬਾਂਸਲ, ਜਗਦੀਸ਼ ਚੰਦ ਪੰਛੀ, ਬਾਬੂ ਵਿਜੈ ਕੁਮਾ,ਡਾ ਸਤਨਾਮ ਸਿੰਘ, ਰਾਜੀਵ ਸ਼ਰਮਾ ,ਡਾ ਰਾਜ ਕੁਮਾਰ ਮਿੱਠੂ ਰਾਮ ਸਾਬਕਾ ਐਮ ਸੀ, ਸਤਪਾਲ ਗਰਗ ,ਜਸਵਿੰਦਰ ਸਿੰਘ ਸੇਖੋਂ, ਵਿੱਕੀ ਕੁਮਾਰ,ਸੇਵਾ ਸਿੰਘ ਸਰਕਲ ਸੈਕਟਰੀ, ਕਿਰਨਜੀਤ ਕੌਰ,ਮਮਤਾ ਬੇਗਮ ਆਦਿ ਸਨ।



# ਹਰ ਵਿਅਕਤੀ ਆਪਣੇ ਜਨਮ ਦਿਨ ਤੇ ਪੌਦੇ ਜ਼ਰੂਰ ਲਗਾਏ

**ਬੱਸੀ ਪਠਾਣਾਂ, 12 ਜੁਲਾਈ (ਰਾਜਨ ਭੱਲਾ)** ਹਰ ਮਨੁੱਖ ਨੂੰ ਆਪਣੇ ਜਨਮ ਦਿਨ ਤੇ ਇੱਕ ਬੂਟਾ ਜਰੂਰ ਲਗਾਉਣਾ ਚਾਹੀਦਾ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਫੈਡਰੇਸ਼ਨ ਆਫ ਆੜਤੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਰਾਜੇਸ਼ ਸਿੰਗਲਾ ਤੇ ਸਟੇਟ ਐਵਾਰਡੀ ਨੌਰੰਗ ਸਿੰਘ ਨੇ ਡਾ.ਗੁਰਬਚਨ ਸਿੰਘ ਰੁਪਾਲ ਦੇ ਜਨਮ ਦਿਨ ਤੇ ਬੂਟਾ ਲਗਾਉਣ ਤੋਂ ਬਾਅਦ ਆਖੇ। ਉਹਨਾਂ ਨੇ ਕਿਹਾ ਕਿ ਅੱਜ ਸਪੋਕਸਮੈਨ ਅਖਬਾਰ ਦੇ ਸੀਨੀਅਰ ਪੱਤਰਕਾਰ ਗੁਰਬਚਨ ਸਿੰਘ ਰੁਪਾਲ ਦਾ ਜਨਮ ਦਿਨ ਉਹਨਾਂ ਦੇ ਗ੍ਰਹਿ ਵਿੱਚ ਮਨਾਉਣ ਦੇ ਸਮੇਂ ਉਹਨਾਂ ਵੱਲੋਂ ਬੂਟੇ ਲਗਾਏ ਗਏ ਜੋ ਕਿ ਵਾਤਾਵਰਨ ਨੂੰ ਸੰਭਾਲਣ ਦਾ ਇੱਕ ਵੱਧੀਆ ਉਪਰਾਲਾ ਹੈ। ਡਾ.ਰੁਪਾਲ ਨੇ ਕਿਹਾ ਕਿ ਉਹਨਾਂ ਨੂੰ ਖੁਸ਼ੀ ਹੋ ਰਹੀ ਹੈ ਕਿ ਉਹਨਾਂ ਦੇ ਜਨਮ ਦਿਨ ਤੇ ਉਹਨਾਂ ਦੇ ਮਿੱਤਰ ਰਾਜੇਸ਼ ਸਿੰਗਲਾ, ਸਾਈ ਗੁਲਾਮ ਨੱਬੀ ,ਨੌਰੰਗ ਸਿੰਘ, ਅਮਰਜੀਤ ਸਿੰਘ ਮੱਕੜ ਵੱਲੋਂ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਦੇ ਲਈ ਘਰ ਦੇ ਅਹਾਤੇ ਵਿੱਚ ਬੂਟੇ ਲਗਾਏ ਹਨ ਜੋ ਕਿ ਇੱਕ ਬਹੁਤ ਹੀ ਸਲਾਂਘਾਯੋਗ ਕਦਮ ਹੈ ਉਹਨਾਂ ਨੇ ਹਰ ਇੱਕ ਨਾਗਰਿਕ ਨੂੰ ਅਪੀਲ ਕੀਤੀ ਕਿ ਉਹ ਆਪਣੇ ਜਨਮ ਦਿਨ ਤੇ ਇੱਕ ਬੂਟਾ ਜਰੂਰ ਲਗਾਉਣ।

# ਸਿੱਖਿਆ ਮਾਹਿਰਾਂ ਦੀ ਥਾਂ ਸੱਤਾਧਾਰੀਆਂ ਦੇ ਚਹੇਤੇ ਬਣਨਗੇ ਸਕੂਲ ਮੈਨਜਮੈਂਟ ਕਮੇਟੀਆਂ ਦੇ ਮੈਂਬਰ

**ਸ੍ਰੀ ਮੁਕਤਸਰ ਸਾਹਿਬ 12 ਜੁਲਾਈ (ਰਵੀਨਾ ਅਰੋੜਾ, ਮਨਜੀਤ ਸਿੱਧੂ)** 15 ਜੁਲਾਈ ਤੋਂ 2025-27 ਲਈ ਹੋਂਦ ਵਿੱਚ ਆਉਣ ਵਾਲੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਲਈ ਆਮ ਆਦਮੀ ਪਾਰਟੀ ਵੱਲੋਂ ਸਿਆਸੀ ਦਖਲਅੰਦਾਜ਼ੀ ਕਰਦਿਆਂ ਸਿੱਖਿਆ ਸ਼ਾਸਤਰੀ ਮੈਂਬਰ (ਸਿੱਖਿਆ ਮਾਹਰ) ਦੀ ਥਾਂ ਆਪਣੇ ਚਹੇਤਿਆਂ ਨੂੰ ਮੈਂਬਰ ਬਣਾਉਣ ਲਈ ਸਿਫ਼ਾਰਸ਼ ਕੀਤੀਆਂ ਲਿਸਟਾਂ ਜ਼ਿਲ੍ਹਿਆਂ ਦੇ ਸਿੱਖਿਆ ਅਧਿਕਾਰੀਆਂ ਨੂੰ ਭੇਜ ਕੇ ਉਨ੍ਹਾਂ ਨੂੰ ਹੀ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਬਣਾਉਣ ਦੇ ਜ਼ੁਬਾਨੀ ਹੁਕਮ ਦੇ ਦਿੱਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਨਵਦੀਪ ਸੁੱਖੀ,ਮੀਤ ਪ੍ਰਧਾਨ ਅਜੀਤਪਾਲ ਸਿੰਘ, ਗਗਨਦੀਪ ਸਿੰਘ ਬਰਾੜ, ਬਲਜਿੰਦਰ ਸਿੰਘ ਡੀਪੀਈ , ਸੁਮੇਸ਼ ਕੁਮਾਰ, ਸੁਖਚਰਨ ਸਿੰਘ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ, ਨੇਪਾਲ ਸਿੰਘ, ਰਾਜਪਾਲ ਸਿੰਘ, ਸਾਹਿਬ ਸਿੰਘ, ਨਵਦੀਪ ਅਹੂਜਾ, ਸੰਜੇ ਕੁਮਾਰ,ਦੱਸਿਆ ਕਿ ਬੱਚਿਆਂ ਦੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ, 2009 ਦੀ ਅਨੁਸਾਰ, ਪੰਜਾਬ ਮੁਫ਼ਤ ਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2011 ਦੇ ਨਿਯਮ 13, ਅਤੇ 26/04/2025 ਦੇ ਸਰਕਾਰੀ ਨੋਟੀਫ਼ਿਕੇਸ਼ਨ ਅਨੁਸਾਰ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ 'ਚ ਹੁਣ ਅਗਲੇ ਦੋ ਸਾਲ (2025-2027) ਲਈ ਸਕੂਲ ਮੈਨੇਜਮੈਂਟ ਕਮੇਟੀਆਂ ਗਠਿਤ ਕੀਤੀਆਂ ਜਾਣੀਆਂ ਹਨ। ਇਸ ਸਬੰਧੀ ਡਾਇਰੈਕਟਰ ਸਿੱਖਿਆ ਵਿਭਾਗ ਵੱਲੋਂ 7 ਜੁਲਾਈ ਨੂੰ ਜਾਰੀ ਪੱਤਰ ਅਨੁਸਾਰ ਹਰ ਇਕ ਸਕੂਲ ਮੈਨੇਜਮੈਂਟ ਕਮੇਟੀ ਵਿਚ ਸਕੂਲ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਤਾ-ਪਿਤਾ ਜਾਂ ਸਰਪ੍ਰਸਤਾਂ 'ਚੋਂ ਘੱਟੋ-ਘੱਟ 6 ਮਹਿਲਾਵਾਂ ਸਮੇਤ 12 ਮੈਂਬਰ, ਸਕੂਲ ਮੁਖੀ ਮੈਂਬਰ ਸਕੱਤਰ ਤੇ ਕਨਵੀਨਰ, ਇਕ ਅਧਿਆਪਕ ਮੈਂਬਰ, ਇਕ ਮੈਂਬਰ ਲੋਕਲ ਇਲਾਕੇ ਦਾ ਪ੍ਰਤੀਨਿਧੀ ਜਾਂ ਉਸਦਾ ਨਾਮਜ਼ਦ ਵਿਅਕਤੀ ਤੇ ਇਕ ਮੈਂਬਰ ਸਿੱਖਿਆ ਮਾਹਰ ਸਿੱਖਿਆ (ਸ਼ਾਸਤਰੀ ਮੈਂਬਰ ਜੋ ਕਿ ਘੱਟੋ ਘੱਟ ਗ੍ਰੈਜੂਏਟ ਹੋਵੇ) ਸਮੇਤ ਕੁੱਲ 16 ਮੈਂਬਰ ਹੋਣਗੇ। ਪਰ ਇਸ ਵਿੱਚ ਸਿੱਖਿਆ ਕਰਮੀ ਦੀ ਚੋਣ ਕਰਦਿਆਂ ਆਮ ਆਦਮੀ ਪਾਰਟੀ ਵੱਲੋਂ ਆਪਣੇ ਰਾਜਨੀਤਕ ਬੰਦੇ ਫਿੱਟ ਕਰਦਿਆਂ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਲਿਸਟਾਂ ਜਾਰੀ ਕਰਦਿਆਂ ਕੁਝ ਵਿਸ਼ੇਸ਼ ਵਿਅਕਤੀਆਂ ਨੂੰ ਕਮੇਟੀ ਮੈਂਬਰ ਲੈਣ ਦੇ ਜ਼ੁਬਾਨੀ ਸੰਦੇਸ਼ ਪ੍ਰਾਪਤ ਹੋਏ ਹਨ। ਇੰਨ੍ਹਾਂ ਲਿਸਟਾਂ ਨਾਲ ਆਏ ਜ਼ੁਬਾਨੀ ਹੁਕਮਾਂ ਕਾਰਨ ਹੀ ਕਮੇਟੀਆਂ ਵਿੱਚ ਪਿੰਡ ਤੋਂ ਬਾਹਰੀ ਵਿਅਕਤੀਆਂ ਨੂੰ ਹੋਰ ਪਿੰਡਾਂ ਦੀਆਂ ਐਸਐਮਸੀ ਕਮੇਟੀਆਂ ਵਿੱਚ ਮੈਂਬਰ ਵਜੋਂ ਕਮੇਟੀ ਮੈਂਬਰ ਪਾਉਣ ਲਈ ਕਿਹਾ ਰਿਹਾ ਹੈ ਜਦੋਂ ਕਿ ਪਿੰਡ ਵਿਚਲੇ ਉਪਲਬਧ ਗ੍ਰੈਜੂਏਟ ਅਤੇ ਸਿੱਖਿਆ ਸਰੋਕਾਰਾਂ ਨਾਲ ਜੁੜੇ ਵਿਅਕਤੀਆਂ ਨੂੰ ਅਣਗੌਲਿਆਂ ਕਰਦਿਆਂ ਰਾਜਨੀਤਿਕ ਰੰਗਤ ਦਿੰਦਿਆਂ ਐਸਐਮਸੀ ਕਮੇਟੀ ਵਿੱਚ ਪਿੰਡ ਤੋਂ ਬਾਹਰਲੇ ਬੰਦਿਆਂ ਨੂੰ ਕਮੇਟੀ ਵਿੱਚ ਸ਼ਾਮਲ ਕਰਨ ਦੇ ਹੁਕਮ ਦਿੱਤੇ ਗਏ ਹਨ। ਕਈ ਜ਼ਿਲ੍ਹਿਆਂ ਇੱਕ ਸਿੱਖਿਆ ਮਾਹਿਰ ਨੂੰ ਇੱਕ ਤੋਂ ਵੱਧ ਸਕੂਲਾਂ ਦੀਆਂ ਐਸਐਮਸੀ ਕਮੇਟੀਆਂ ਵਿੱਚ ਸ਼ਾਮਿਲ ਕਰਨ ਲਈ ਕਿਹਾ ਗਿਆ ਹੈ। ਬਹੁਤ ਸਮੇਂ ਅਜਿਹੇ ਹੋਣਗੇ ਜਦੋਂ ਐਸਐਮਸੀ ਮੀਟਿੰਗਾਂ ਇੱਕੋ ਦਿਨ ਹੀ ਸਾਰੇ ਸਕੂਲਾਂ ਵਿੱਚ ਕਰਨ ਲਈ ਕਿਹਾ ਜਾਂਦਾ ਹੈ ਇਹ ਕਿਸ ਤਰ੍ਹਾਂ ਸੰਭਵ ਹੈ ਕਿ ਇੱਕ ਤੋਂ ਵੱਧ ਸਕੂਲਾਂ ਲਈ ਚੁਣਿਆ ਹੋਇਆ ਸਿੱਖਿਆ ਮਾਹਰ ਹਰੇਕ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਸਕੇਗਾ। ਆਗੂਆਂ ਨੇ ਕਿਹਾ ਕਿ ਅਜਿਹਾ ਮੈਂਬਰ ਸਾਰੇ ਸਕੂਲਾਂ ਦੀਆਂ ਕਮੇਟੀਆਂ ਨਾਲ ਕਿਵੇਂ ਇਨਸਾਫ ਕਰ ਸਕੇਗਾ। ਪਹਿਲਾਂ ਸਕੂਲ ਮੈਨਜਮੈਂਟ ਕਮੇਟੀਆਂ ਦੇ ਗਠਨ ਦਾ ਸਮਾਂ 30 ਮਈ ਸੀ ਪਰ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਹੁਣ ਸਮਾਂ ਹੁਣ ਵਧਾ ਕੇ 15 ਜੁਲਾਈ ਕਰ ਦਿੱਤਾ ਗਿਆ ਹੈ। ਇਸ ਮੌਕੇ ਸਰਵਸ਼੍ਰੀ ਜਸਵਿੰਦਰ ਸਿੰਘ, ਭੋਲਾ ਸਿੰਘ, ਮੋਹਨ ਲਾਲ, ਗੁਰਮੀਤ ਸਿੰਘ, ਸੁਖਜਿੰਦਰ ਸਿੰਘ,ਸੁਖਵੰਤ ਸਿੰਘ, ਗੁਰਮੀਤ ਸਿੰਘ ਜੰਬਰ, ਲਾਜਵਿੰਦਰ ਸਿੰਘ,ਅਮ੍ਰਿਤਪਾਲ ਸਿੰਘ, ਨਰੇਸ਼ ਕੁਮਾਰ ਘੱਗਾ, ਅਮ੍ਰਿਤਪਾਲ ਸਿੰਘ, ਨਰੇਸ਼ ਕੁਮਾਰ,ਲਾਲਜੀਤ ਸਿੰਘ, ਬਲਵਿੰਦਰ ਸਿੰਘ, ਧਰਮਿੰਦਰ ਸਿੰਘ, ਗੁਰਚਰਨ ਸਿੰਘ, ਰਾਜਿੰਦਰ ਸਿੰਘ,ਮਨਜੀਤ ਕੌਰ, ਕੌਰ, ਵਿਮਲਾ ਦੇਵੀ, ਜੋਤੀ, ਕੁਲਵਿੰਦਰ ਕੌਰ, ਅਮਨਦੀਪ ਕੌਰ,ਪਾਇਲ ਪਠੇਲਾ, ਕਰਮਜੀਤ ਕੌਰ,ਸਖਦੀਪ ਸਿੰਘ, ਵਿਨੋਦ ਕੁਮਾਰ,ਗੌਰਵਪਾਲ ਸਿੰਘ ਸੰਧੂ, ਅਵਤਾਰ ਸਿੰਘ, ਲਲਿਤਾ, ਅਮਨਦੀਪ ਸਿੰਘ, ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਦੇ ਆਗ ਸਿੰਘ,ਨੇ ਸਕੂਲ ਮੈਨੇਜਮੈਂਟ ਕਮੇਟੀਆਂ ਵਿਚ ਮਾਨ ਸਰਕਾਰ ਵੱਲੋਂ ਕੀਤੀ ਜਾ ਰਹੀ ਦਖ਼ਲਅੰਦਾਜ਼ੀ ਨੂੰ ਸਿਆਸੀ ਧੱਕੇਸ਼ਾਹੀ ਕਰਾਰ ਦਿੱਤਾ ਹੈ ਅਤੇ ਸਿੱਖਿਆ ਅਧਿਕਾਰ ਕਾਨੂੰਨ ਦੇ ਉਲਟ ਪਿੰਡ ਤੋਂ ਬਾਹਰੀ ਵਿਅਕਤੀਆਂ ਅਤੇ ਸਿੱਖਿਆ ਸਰੋਕਾਰਾਂ ਤੋਂ ਕੋਰੇ ਵਿਅਕਤੀਆਂ ਨੂੰ ਕਮੇਟੀਆਂ ਵਿੱਚ ਸ਼ਾਮਲ ਕਰਾਉਣ ਨਾਲ ਸਕੂਲ ਨੂੰ ਰਾਜਨੀਤਕ ਅਖਾੜਾ ਬਣਾਉਣ ਦੀ ਨਿੰਦਾ ਕੀਤੀ।






## ਪਹਿਲਵਾਨ ਫਰਾ ਅਲੀ ਦਾ ਸਨਮਾਨ ਕੀਤਾ - ਜੋਤੀ

**ਮਾਲੇਰਕੋਟਲਾ 12 ਜੁਲਾਈ: (ਰਾਜੇਸ਼ ਸ਼ਰਮਾ)** ਖੇਡਾ ਵਤਨ ਪੰਜਾਬ ਦੀਆਂ ਵਿੱਚੋਂ ਜ਼ਿਲ੍ਹਾ ਮਾਲੇਰਕੋਟਲਾ ਦੀ ਪਹਿਲਵਾਨ ਫਰਾ ਅਲੀ ਨੇ 61 ਕਿਲੋਗ੍ਰਾਮ ਭਾਰ ਕੁਸ਼ਤੀ ਮੁਕਾਬਲਿਆਂ ਵਿੱਚੋ ਗੋਲਡ ਮੈਡਲ ਜਿੱਤ ਕੇ ਜ਼ਿਲ੍ਹੇ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਅਤੇ ਇਸ ਮੌਕੇ ਉਹਨਾਂ ਨੂੰ ਗੁਰਦੁਆਰਾ ਸੁਖ ਸਾਗਰ ਸਾਹਿਬ ਭੋਗੀਵਾਲ ਵਿਖੇ ਹੋਏ ਕੁਸ਼ਤੀ ਦੰਗਲ ਉੱਤੇ ਪਹਿਲਵਾਨ ਫਰਾ ਅਲੀ ਦਾ ਵਿਸ਼ੇਸ਼ ਸਨਮਾਨ ਕੀਤਾ ਇਸ ਮੌਕੇ ਪਹਿਲਵਾਨ ਜ਼ਾਹਿਦ ਪਰਵੇਜ਼ ਮਾਲੇਰਕੋਟਲਾ ਅਤੇ ਗੁਰਪ੍ਰੀਤ ਸਿੰਘ ਜੋਤੀ ਕੁੱਪ ਕਲਾਂ ਨੇ ਪਹਿਲਵਾਨ ਫਰਾ ਅਲੀ ਨੂੰ ਮੁਬਾਰਕਬਾਦ ਦਿੱਤੀ।

# ਹਲਕਾ ਇੰਚਾਰਜ ਮੈਡਮ ਸੋਨੀਆ ਦੀ ਅਗਵਾਈ ਹੇਠ ਆਪ ਨੂੰ ਬੂਥ ਪੱਧਰ ਤੇ ਮਜਬੂਤ ਕਰਨ ਲਈ ਦਰਜਨਾ ਪਿੰਡਾਂ 'ਚ ਮੀਟਿੰਗਾਂ ਦਾ ਸਿਲਸਿਲਾ ਜਾਰੀ



**ਅੰਮ੍ਰਿਤਸਰ , 12 ਜੁਲਾਈ (ਸੋਨੂ ਨਰੂਲਾ)**- 'ਆਪ' ਨੂੰ ਬੂਥ ਪੱਧਰ ਉੱਪਰ ਮਜਬੂਤ ਕਰਨ ਹਲਕਾ ਇੰਚਾਰਜ ਮੈਡਮ ਸੋਨੀਆ ਮਾਨ ਅਤੇ ਸੰਗਠਨ ਇੰਚਾਰਜ ਦਲਜੀਤ ਸਿੰਘ ਮਿਆਦੀਆਂ ਦੀ ਅਗਵਾਈ ਹੇਠ ਬਲਾਕ ਪ੍ਰਧਾਨ ਦਵਿੰਦਰ ਸਿੰਘ ਭੁੱਲਰ ਵਲੋਂ ਪਿੰਡ ਭੁੱਲਰ, ਮਾਨਾਵਾਲਾ, ਸੌੜੀਆਂ, ਮੋੜੇ ਕਲਾਂ/ਖੁਰਦ, ਮਾਲਾਕੀੜੀ, ਕੋਟਲੀ ਸੱਕਾ, ਜੱਜੇ, ਚੱਕ ਕਮਾਲ ਖਾਂ, ਮਹਿਮਦਪੁਰਾ, ਕਮੀਰਪੁਰਾ ਆਦਿ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਆਪ ਦੀਆਂ ਲੋਕ ਭਲਾਈ ਸਕੀਮਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਪੰਜਾਬ ਦਾ ਭਵਿੱਖ ਆਮ ਆਦਮੀ ਪਾਰਟੀ ਦੇ ਹੱਥ ਵਿੱਚ ਸੁਰੱਖਿਅਤ ਵੇਖ ਰਹੇ ਹਨ। ਕਿਉਂਕਿ ਆਮ ਆਦਮੀ ਪਾਰਟੀ ਨੇ ਜੋ ਕਿਹਾ ਉਹ ਕਰਕੇ ਵਿਖਾਇਆ। ਪੰਜਾਬ ਵਾਸੀ ਆਪ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਦਾ ਨਿੱਘ ਮਾਣ ਰਹੇ ਹਨ। ਹਲਕਾ ਰਾਜਾਸਾਂਸੀ ਦੀ ਨਵ-ਨਿਯੁਕਤ ਇੰਚਾਰਜ ਮੈਡਮ ਸੋਨੀਆ ਮਾਨ ਦਿਨ ਰਾਤ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਉਨਾਂ ਦਾ ਹੱਲ ਵੀ ਕਰ ਰਹੇ ਹਨ। ਜਦੋਂ ਕਿ ਦੂਸਰੀਆਂ ਪਾਰਟੀਆਂ ਦੇ ਲੀਡਰ ਸਿਰਫ ਚੋਣਾਂ ਵੇਲੇ ਹੀ ਨਜਰ ਆਉਂਦੇ ਸਨ। ਉਨ੍ਹਾਂ ਕਿਹਾ ਕਿ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਹਲਕਾ ਇੰਚਾਰਜ ਮੈਡਮ ਸੋਨੀਆ ਦੀ ਅਗਵਾਈ ਹੇਠ ਸ਼ਾਨਦਾਰ ਜਿੱਤ ਹਾਸਲ ਕਰਕੇ ਦੂਸਰੀ ਵਾਰ ਫਿਰ ਇਤਿਹਾਸ ਰਚੇਗੀ।

ਇਸ ਮੌਕੇ ਸਰਪੰਚ ਕਾਬਲ ਸਿੰਘ ਮਟੀਆ, ਦਲਜੀਤ ਸਿੰਘ, ਗੁਰਮੀਤ ਸਿੰਘ ਮੈਂਬਰ, ਪ੍ਰਗਟ ਸਿੰਘ ਡਰਾਈਵਰ, ਲਖਬੀਰ ਸਿੰਘ ਦੁਬਈ ਵਾਲੇ, ਬਿਕਰਮਜੀਤ ਸਿੰਘ, ਕੁਲਦੀਪ ਸਿੰਘ ਹਰਿੰਦਰ ਸਿੰਘ, ਬਲਜਿੰਦਰ ਸਿੰਘ ਭੱਟੀ ਮੈਂਬਰ ਆਦਿ ਵਰਕਰ ਹਾਜ਼ਰ ਸਨ।

# ਮਾਨ ਸਰਕਾਰ ਇਸ ਸਾਲ ਦੇ ਅੰਤ ਤੱਕ 19 ਹਜਾਰ ਕਿਲੋਮੀਟਰ ਸੜਕਾਂ ਚੌੜੀਆਂ ਕਰਨ ਲਈ ਖਰਚੇਗੀ 2872 ਕਰੋੜ ਰੁਪਏ -ਧਾਲੀਵਾਲ

**-ਵਿਧਾਇਕ ਧਾਲੀਵਾਲ ਨੇ ਹਲਕੇ 'ਚ 9.25 ਕਰੋੜ ਰੁਪਏ ਸੜਕਾਂ ਦੇ ਨਿਰਮਾਣ ਕਾਰਜਾਂ ਲਈ ਜੰਗੀ ਤੇਜ਼ੀ ਲਿਆਉਂਦਿਆਂ ਰੱਖੇ ਨੀਂਹ ਪੱਥਰ**

**ਅਜਨਾਲਾ/ ਅੰਮ੍ਰਿਤਸਰ, 12 ਜੁਲਾਈ (ਸੋਨੂੰ ਨਰੂਲਾ)**- ਅੱਜ ਵਿਧਾਨ ਸਭਾ ਹਲਕਾ ਅਜਨਾਲਾ 'ਚ ਬਹੁਪੱਖੀ ਵਿਕਾਸ ਕਾਰਜਾਂ 'ਚ ਜੰਗੀ ਪੱਧਰ ਤੇ ਤੇਜ਼ੀ ਲਿਆਉਂਦਿਆਂ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਝੰਡੇਰ ਵਿਖੇ 25 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣੇ ਪਸ਼ੂ ਹਸਪਤਾਲ ਦਾ ਉਦਘਾਟਨ ਕਰਨ ਤੋਂ ਇਲਾਵਾ ਕਾਮਲਪੁਰਾ ਤੋਂ ਤੇੜਾ ਕਲਾਂ ਤੱਕ ਲਿੰਕ ਸੜਕ ਨੂੰ 1 ਕਰੋੜ 34 ਲੱਖ ਰੁਪਏ ਦੀ ਲੱਗਤ ਨਾਲ 10 ਫੁੱਟ ਤੋਂ 18 ਫੁੱਟ ਚੌੜੀ ਕਰਨ, ਫਤਿਹਗੜ ਚੂੜੀਆਂ -ਰਮਦਾਸ ਰੋਡ ਤੋਂ ਪਿੰਡ ਬੋਹੜਵਾਲਾ ਤੱਕ 76 ਲੱਖ ਰੁਪਏ ਦੀ ਲਾਗਤ ਨਾਲ ਲਿੰਕ ਰੋਡ 10 ਫੁੱਟ ਤੋਂ 18 ਫੁੱਟ ਚੌੜਾ ਕਰਨ ਸਮੇਤ ਕੁਕੜਾਂਵਾਲਾ -ਫਤਿਹਗੜ ਚੂੜੀਆਂ ਰੋਡ ਖਤਰਾਏਂ ਕਲਾਂ ਤੇੜਾ ਕਲਾਂ ਤੱਕ ਸੜਕ ਨੂੰ 10 ਫੁੱਟ ਤੋਂ 18 ਫੁੱਟ ਚੌੜਾ ਕਰਨ ਅਤੇ ਪਿੰਡ ਘੁੰਮਰਾਏ ਵਿਖੇ ਸੱਕੀ ਨਾਲੇ ਉੱਪਰ ਨਵੇਂ ਪੁੱਲ ਦੀ ਉਸਾਰੀ ਕਰਨ ਅਤੇ ਡਿਫੈਂਸ ਲਾਈਨ ਤੱਕ 12 ਫੁੱਟ ਚੌੜੀ ਨਵੀਂ ਸੜਕ ਆਦਿ 9 ਕਰੋੜ 18 ਲੱਖ ਰੁਪਏ ਦੀ ਲਾਗਤ ਨਾਲ ਨਵ ਨਿਰਮਾਣ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਦੀ ਅਦਾਇਗੀ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ , ਮੋਹਤਬਰਾਂ, ਸੱਤਾਧਾਰੀ ਪਾਰਟੀ ਆਗੂਆਂ ਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੀ ਮੌਜੂਦਗੀ 'ਚ ਤਾੜੀਆਂ ਤੇ ਜਿੰਦਾਬਾਦ ਨਾਅਰਿਆਂ ਦੀ ਗੂੰਜ 'ਚ ਧੂੰਮ ਧੜੱਕੇ ਨਾਲ ਕੀਤੀ। ਉਪਰੰਤ ਗੱਲਬਾਤ ਦੌਰਾਨ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਸੁਹਿਰਦ ਯਤਨ ਹਨ ਕਿ ਪੰਜਾਬ ਦੇ ਸਮੁੱਚੇ ਬੁਨਿਆਦੀ ਢਾਂਚੇ ਦੇ ਵਿਕਾਸ ਤੋਂ ਇਲਾਵਾ ਪੰਜਾਬ ਨੂੰ ਨਸ਼ਾ ਮੁਕਤ ਤੇ ਗੈਂਗਸਟਰ ਮੁਕਤ ਬਣਾ ਕੇ ਫਿਰਕੂ ਸਦਭਾਵਨਾ ਦੀ ਰੁਮਕਦੀ ਹਵਾ ਦਰਮਿਆਨ ਬੇਰੁਜਗਾਰੀ ਨੂੰ ਖਤਮ ਕਰਕੇ ਉਦਯੋਗਿਕ ਖੇਤਰ ਤੇ ਪਬਲਿਕ ਸੈਕਟਰ 'ਚ ਨੌਕਰੀਆਂ ਦੇ ਅਵਸਰ ਪੈਦਾ ਕਰਕੇ ਬੇਰੁਜਗਾਰੀ ਨੂੰ ਵਿਰਾਮ ਦਿੰਦਿਆਂ ਰੰਗਲੇ ਪੰਜਾਬ ਦੀ ਸਿਰਜਣਾ ਕੀਤੀ ਜਾਵੇ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਇਹ ਸੁਹਿਰਦ ਯਤਨ ਸਫਲਤਾ ਦੀ ਟੀਸੀ ਵੱਲ ਅੱਗੇ ਵੱਧ ਰਹੇ ਹਨ । ਉਨ੍ਹਾਂ ਕਿਹਾ ਕਿ ਸੜਕਾਂ ਜੀਵਨ ਰੇਖਾ ਹਨ ਅਤੇ ਪੰਜਾਬ ਦੇ ਪਹਿਲੇ ਗੇੜ 'ਚ 2872 ਕਰੋੜ ਰੁਪਏ ਦੀ ਲਾਗਤ ਨਾਲ ਇਸ ਸਾਲ ਦੇ ਅੰਤ ਤੱਕ 19 ਹਜਾਰ ਕਿਲੋਮੀਟਰ ਲਿੰਕ ਸੜਕਾਂ 10 ਫੁੱਟ ਤੋਂ 18 ਫੁੱਟ ਚੌੜੀਆਂ ਕਰਨ ਦਾ ਵਿਕਾਸ ਕਾਰਜ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਚੌੜੀਆਂ ਹੋ ਰਹੀਆਂ ਸੜਕਾਂ 'ਚ ਅੱਜ ਹਲਕਾ ਅਜਨਾਲਾ 'ਚ ਸ਼ੁਰੂ ਕਰਵਾਏ ਗਏ ਸੜਕਾਂ ਦੇ ਵਿਕਾਸ ਕਾਰਜਾਂ (ਨੀਂਹ ਪੱਥਰ ਰੱਖਣ ) ਸਮੇਤ ਹਲਕੇ ਦੀਆਂ 200 ਕਿਲੋਮੀਟਰ ਦੇ ਕਰੀਬ ਹੋਰ ਚੌੜੀਆਂ ਹੋ ਰਹੀਆਂ ਲਿੰਕ ਸੜਕਾਂ ਸ਼ਾਮਲ ਹਨ । ਸ: ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਹਲਕੇ ਚ ਬੁਨਿਆਦੀ ਵਿਕਾਸ ਕਾਰਜਾਂ 'ਚ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਗ੍ਰਾਂਟਾ ਦੇ ਖੁੱਲੇ ਗੱਫਿਆਂ 'ਚ ਕੋਈ ਕਮੀ ਨਹੀਂ ਆਉਣ ਦੇਣਗੇ ਅਤੇ ਵਿਕਾਸ ਕਾਰਜਾਂ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਸਮੁੱਚੇ ਵਿਕਾਸ ਕਾਰਜਾਂ 'ਚ ਪਾਰਦਰਸ਼ਤਾ ਰੱਖਣ ਲਈ ਅਧਿਕਾਰੀਆਂ ਸਮੇਤ ਪੰਚਾਇਤਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਅਤੇ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ। ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਮਾਰਕੀਟ ਕਮੇਟੀ ਅਜਨਾਲਾ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਓਐਸਡੀ ਗੁਰਜੰਟ ਸਿੰਘ ਸੋਹੀ, ਪੀਏ ਮੁਖਤਾਰ ਸਿੰਘ ਬਲੜਵਾਲ, ਮੰਡੀ ਬੋਰਡ ਐਕਸੀਐਨ ਇੰਜੀ: ਹਰਚਰਨ ਸਿੰਘ, ਹਰਜੀਤ ਸਿੰਘ ਸਰਕਾਰੀਆ ਆਦਿ ਮੌਜੂਦ ਸਨ।




# ਤਪਾ ਦੇ ਇੱਕ ਵਾਰਡ ਦਾ ਕੌਂਸਲਰ ਨਹੀਂ, ਬਲਕਿ ਸ਼ਹਿਰ ਦਾ ਸੇਵਾਦਾਰ ਬਣ ਕੇ ਲੋਕਾਂ ਦੇ ਨਾਲ ਮਿਲਕੇ ਕੰਮ ਕੀਤੇ ਹਨ ਤੇ ਹਮੇਸ਼ਾ ਕਰਾਂਗਾ- ਧਰਮਪਾਲ ਸ਼ਰਮਾ

**ਤਪਾ ਮੰਡੀ 12 ਜੁਲਾਈ (ਮੇਸ਼ੀ)** ਸਥਾਨਕ ਸ਼ਹਿਰ ਦਾ ਸੇਵਾਦਾਰ ਬਣ ਕੇ ਲੋਕਾਂ ਦੇ ਕੰਮ ਕੀਤੇ ਹਨ ਤੇ ਹਮੇਸ਼ਾ ਕਰਾਂਗਾ ਇਹ ਵਿਚਾਰ ਨਗਰ ਕੌਂਸਲ ਤਪਾ ਦੇ ਵਾਰਡ ਨੰਬਰ 4 ਦੇ ਕੌਂਸਲਰ ਧਰਮਪਾਲ ਸ਼ਰਮਾ ਨੇ ਮੀਡੀਆ ਦਫਤਰ ਵਿਖੇ ਵਿਅਕਤ ਕੀਤੇ, ਉਹਨਾਂ ਅੱਗੇ ਕਿਹਾ ਕਿ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਦੀ ਯੋਗ ਅਗਵਾਈ ਹੇਠ ਨਗਰ ਕੌਂਸਲ ਵੱਲੋਂ ਸ਼ਹਿਰ ਵਾਸੀਆਂ ਨੂੰ ਸਹੂਲਤਾਂ ਦੇਣ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਬਰਸਾਤੀ ਮੌਸਮ ਦੌਰਾਨ ਸ਼ਹਿਰ ਵਿੱਚ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ, ਕਿਉਂਕਿ ਸੀਵਰੇਜਾਂ ਦੀ ਸਫਾਈ ਮਗਰੋਂ ਭਾਰੀ ਬਰਸਾਤ ਹੋਣ ਦੇ ਬਾਵਜੂਦ ਵੀ ਕੁਝ ਘੰਟਿਆਂ ਵਿੱਚ ਹੀ ਪਾਣੀ ਦੀ ਨਿਕਾਸੀ ਵੇਖਣ ਨੂੰ ਮਿਲੀ ਹੈ। ਉਹਨਾਂ ਅੱਗੇ ਇਹ ਵੀ ਦੱਸਿਆ ਕਿ ਮੈਨੂੰ ਸਿਰਫ ਆਪਣੇ ਵਾਰਡ ਵਾਸੀਆਂ ਹੀ ਨਹੀਂ ਬਲਕਿ ਤਪਾ ਨਿਵਾਸੀਆਂ ਨੇ ਜੋ ਵੀ ਕਾਰਜ ਜਾਂ ਕੋਈ ਵੀ ਸਮੱਸਿਆ ਸਬੰਧੀ ਦੱਸਿਆ ਹੈ ਤਾਂ ਮੇਰੀ ਪਤਨੀ ਲਤਾ ਸ਼ਰਮਾ ਜੋ ਪਹਿਲਾਂ ਕੌਂਸਲਰ ਸੀ, ਅਤੇ ਹੁਣ ਮੈਂ ਖੁਦ ਕੌਂਸਲਰ ਹਾਂ ਪਰ ਇਸ ਵਜੋਂ ਨਹੀਂ ਬਲਕਿ ਸੇਵਾਦਾਰ ਬਣਕੇ ਅਸੀਂ ਆਪਣਾ ਫਰਜ ਨਿਭਾ ਰਹੇ ਹਾਂ। ਧਰਮ ਬਲ ਸ਼ਰਮਾ ਨੇ ਇਹ ਵੀ ਦੱਸਿਆ ਕਿ ਉਹਨਾਂ ਨੂੰ ਸਮਾਜ ਸੇਵਾ ਦਾ ਬਹੁਤ ਵੱਡਾ ਸ਼ੌਕ ਹੈ ਜਿਸ ਲਈ ਉਹ ਲੋਕਾਂ ਲਈ ਹਰ ਸਮੇਂ ਹਾਜ਼ਰ ਰਹਿੰਦੇ ਹਨ ਲੋਕਾਂ ਵਿੱਚ ਵਿਚਰਨਾ ਤੇ ਉਹਨਾਂ ਦੇ ਸੁੱਖ ਦੁੱਖ ਦੀ ਸਾਂਝ ਬਣਾਉਣਾ ਮੇਰਾ ਪਹਿਲਾ ਫਰਜ਼ ਹੈ। ਜਿਸ ਕਰਕੇ ਸਮੂਹ ਨਿਵਾਸੀਆਂ ਦਾ ਪੂਰਨ ਸਹਿਯੋਗ ਵੀ ਮਿਲ ਰਿਹਾ ਹੈ। ਲੋਕ ਵੀ ਕੰਮ ਹੋਣ ਮਗਰੋਂ ਮੇਰਾ ਬਹੁਤ ਹੌਂਸਲਾ ਵਧਾਉਂਦੇ ਹਨ ਕਿ ਚੋਣਾਂ ਸਮੇਂ ਤੈਨੂੰ ਕਿਸੇ ਵੀ ਕਿਸਮ ਦੀ ਮੁਸ਼ਕਲ ਨਹੀਂ ਆਉਣ ਦੇਵਾਂਗੇ। ਉਹਨਾਂ ਕਿਹਾ ਕਿ ਨਗਰ ਕੌਂਸਲ ਤਪਾ ਅਧੀਨ ਆਉਂਦੇ ਵਿਕਾਸ ਕਾਰਜਾਂ ਸਮੇਤ ਜੋ ਵੀ ਗਲੀਆਂ ਦੀ ਸਫਾਈ ਦੇ ਪ੍ਰਬੰਧ ਹਨ, ਉਹ ਵੀ ਨਗਰ ਕੌਂਸਲ ਦੀ ਸਫਾਈ ਸੇਵਕਾਂ ਦੇ ਸਹਿਯੋਗ ਨਾਲ ਪੂਰੇ ਕੀਤੇ ਜਾ ਰਹੇ ਹਨ, ਅਗਰ ਕੋਈ ਬਿਜਲੀ ਸਮੇਤ ਹੋਰ ਸਮੱਸਿਆ ਨਜਰ ਆਉਂਦੀ ਹੈ ਤਾਂ ਤੁਰੰਤ ਉਸਦੇ ਸੰਬੰਧਤ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਸਮੱਸਿਆ ਦਾ ਨਿਵਾਰਨ ਕਰਵਾਉਂਦਾਂ ਹਾਂ, ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜੋ ਕੌਂਸਲਰ ਉਹਨਾਂ ਦੇ ਵਾਰਡਨ ਵਿੱਚ ਮੇਰਾ ਵਾਰਡ ਮੇਰਾ ਪਰਿਵਾਰ ਸਮਝ ਕੇ ਕੰਮ ਕਰਦੇ ਹਨ, ਵੋਟਰਾਂ ਵੱਲੋਂ ਵੀ ਚੋਣਾਂ ਸਮੇਂ ਉਹਨਾਂ ਨੂੰ ਹੀ ਸਹਿਯੋਗ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਆਪਣੇ ਵਿਕਾਸ ਕਾਰਜ ਅਤੇ ਹੋਰ ਕੰਮ ਕਰਾਉਣ ਵਿੱਚ ਕਿਸੇ ਵੀ ਕਿਸਮ ਦੀ ਮੁਸ਼ਕਿਲ ਪੈਦਾ ਨਾ ਹੋਵੇ। ਇਸ ਦੌਰਾਨ ਉਹਨਾਂ ਨੇ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਨਗਰ ਕੌਂਸਲ ਤਪਾ ਦਾ ਵਧੇਰੇ ਲੋਕਲ ਵਾਸੀਆਂ ਵੱਲ ਕਮੇਟੀ ਦਾ ਹਾਊਸ ਟੈਕਸ ਅਤੇ ਹੋਰ ਕੋਈ ਬਕਾਇਆ ਰਹਿੰਦਾ ਹੈ। ਤਾਂ ਉਸ ਨੂੰ ਭਰਨਾ ਜਰੂਰੀ ਹੈ। ਕਿਉਂਕਿ ਸ਼ਹਿਰ ਦਾ ਵਿਕਾਸ ਕਾਰਜ ਆਮਦਨ ਨਾਲ ਜੁੜੇ ਹੋਏ ਹਨ, ਜਿਸ ਲਈ ਸਮੂਹ ਲੋਕ ਵਿਆਜ ਰਾਹਤ ਰਿਆਇਤ ਇਹ 30 ਜੁਲਾਈ ਆਖਰੀ ਮਿਤੀ ਹੈ, ਜਿਸ ਦੌਰਾਨ ਹਾਊਸ ਟੈਕਸ ਭਰਿਆ ਜਾ ਸਕਦਾ ਹੈ।



## ਪੰਜਾਬ ਅੰਦਰ ਅਮਨ-ਕਾਨੂੰਨ ਦੀ ਸਥਿਤੀ ਬੇਹੱਦ ਚਿੰਤਾਜਨਕ ਬਣੀ - ਠੁੱਲੀਵਾਲ

**ਮਹਿਲ ਕਲਾਂ 12 ਜੁਲਾਈ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)** - ਪਿਛਲੇ ਕੁੱਝ ਸਮੇਂ ਤੋਂ ਪੰਜਾਬ ਅੰਦਰ ਅਮਨ-ਕਾਨੂੰਨ ਦੀ ਬੇਹੱਦ ਚਿੰਤਾਜਨਕ ਬਣੀ ਹੋਈ ਹੈ। ਆਏ ਦਿਨ ਪੰਜਾਬ ਦੇ ਅੰਦਰ ਕਤਲੋਗਾਰਦ ਰਾਹੀਂ ਦਹਿਸ਼ਤ ਭਰਿਆ ਮਾਹੌਲ ਪੈਦਾ ਹੋ ਰਿਹਾ ਹੈ ਪਰ ਸਰਕਾਰ ਚੁੱਪ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਸੀਨੀਅਰ ਕਾਂਗਰਸੀ ਆਗੂ ਜਰਨੈਲ ਸਿੰਘ ਠੁੱਲੀਵਾਲ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਆਖਿਆ ਕਿ ਅੱਜ ਜੋ ਹਾਲਾਤ ਆਮ ਆਦਮੀ ਪਾਰਟੀ ਦੀ ਸਰਕਾਰ 'ਚ ਬਣੇ ਹੋਏ ਹਨ ਅਜਿਹਾ ਮੌਕਾ ਪਿਛਲੇ ਸਮੇਂ ਕਦੇ ਵੀ ਨਹੀਂ ਆਇਆ। ਕਾਂਗਰਸ ਦੇ ਰਾਜਕਾਲ ਦੌਰਾਨ ਪੰਜਾਬ ਦਾ ਵੱਡੇ ਪੱਧਰ ਤੇ ਵਿਕਾਸ ਹੋਇਆ ਤੇ ਕਦੇ ਵੀ ਅਜਿਹੀ ਸਥਿਤੀ ਪੈਦਾ ਨਹੀਂ ਹੋਈ ਜਦਕਿ ਅੱਜ ਹਾਲਾਤ ਬੇਹੱਦ ਚਿੰਤਾਜਨਕ ਬਣੇ ਹੋਏ ਹਨ । ਕਿਸੇ ਵੀ ਇਨਸਾਨ ਨੂੰ ਆਪਣਾ ਆਪ ਸੇਫ਼ ਨਹੀਂ ਲੱਗ ਰਿਹਾ। ਉਹਨਾਂ ਨੇ ਆਖਿਆ ਕਿ ਅੱਜ ਜਦ ਕੋਈ ਮੁਲਾਜ਼ਮ ਜਾਂ ਆਮ ਵਿਅਕਤੀ ਘਰ ਤੋਂ ਬਾਹਰ ਨਿਕਲਦਾ ਹੈ ਤਾਂ ਉਹ ਸਾਮ ਨੂੰ ਘਰ ਮੁੜ ਕੇ ਆਵੇਗਾ ਵੀ ਜਾਂ ਨਹੀਂ ਅਜਿਹੀ ਡਰ ਭਰੀ ਸਥਿਤੀ ਕਿਉਂ ਪੈਦਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਸਬੰਧੀ ਸਖ਼ਤ ਕਦਮ ਚੁੱਕਣ ਦੀ ਲੋੜ ਹੈ।



# ਸੋਸ਼ਲ ਮੀਡੀਆ ਤੇ ਅਸ਼ਲੀਲਤਾ:- ਇੱਕ ਚੁਣੌਤੀ ਜੋ ਸਮਾਜ ਦੀਆਂ ਜੜ੍ਹਾਂ ਹਿਲਾ ਰਹੀ ਹੈ

ਇੱਕ ਸਮਾਂ ਸੀ ਜਦੋਂ ਸ਼ਰਮ, ਹਯਾ ਅਤੇ ਹਲੀਮੀ ਨੂੰ ਇਨਸਾਨੀ ਇਖ਼ਲਾਕ ਦਾ ਗਹਿਣਾ ਮੰਨਿਆ ਜਾਂਦਾ ਸੀ। ਘਰਾਂ ਵਿੱਚ ਵੱਡਿਆਂ ਦੀ ਅਗਵਾਈ, ਗੁਰਦੁਆਰਿਆਂ, ਮੰਦਰਾਂ ਅਤੇ ਸਕੂਲਾਂ ਦੀ ਚੰਗੀ ਸਿੱਖਿਆ ਅਤੇ ਸੰਸਕਾਰ ਬੱਚਿਆਂ ਨੂੰ ਇੱਕ ਚੰਗਾ ਇਨਸਾਨ ਬਣਾਉਂਦੇ ਸਨ ਪਰ ਅੱਜ ਦੇ ਡਿਜੀਟਲ ਯੁੱਗ 'ਚ, ਖਾਸ ਕਰਕੇ ਸੋਸ਼ਲ ਮੀਡੀਆ 'ਤੇ ਅਸ਼ਲੀਲਤਾ ਅਤੇ ਲੱਚਰਤਾ ਆਪਣੇ ਪੈਰ ਪਸਾਰਦੀ ਜਾ ਰਹੀ ਹੈ, ਪੂਰਾ ਸਮਾਜ ਇਸ ਦਲਦਲ ਵਿੱਚ ਧੱਸਦਾ ਜਾ ਰਿਹਾ ਹੈ। ਸੋਸ਼ਲ ਮੀਡੀਆ ਇੱਕ ਵਰਤਣ ਵਾਲਾ ਸਾਧਨ ਹੈ, ਪਰ ਜਦ ਇਹ ਸਾਨੂੰ ਵਰਤਣ ਲੱਗ ਪਏ ਤਦ ਅਸੀਂ ਆਪਣੀ ਆਤਮਾ ਦਾ ਪਤਾ ਭੁੱਲ ਜਾਂਦੇ ਹਾਂ।

ਗੱਲ ਕਰੀਏ ਅਸ਼ਲੀਲਤਾ ਜਾਂ ਲੱਚਰਤਾ ਦੀ, ਇਹ ਉਹ ਸਮੱਗਰੀ ਹੁੰਦੀ ਹੈ ਜੋ ਮਨੁੱਖੀ ਗੁਣਾਂ, ਲਾਜ-ਸ਼ਰਮ ਅਤੇ ਸੰਸਕਾਰਾਂ ਦੇ ਖ਼ਿਲਾਫ਼ ਹੋਵੇ, ਜਿਵੇਂ ਕਿ ਭੜਕਾਊ ਪੋਸਟਾਂ, ਨਗਨਤਾ, ਗੰਦੇ ਵਾਰਤਾਲਾਪ ਅਤੇ ਅਪਰਾਧਿਕ ਟਿੱਪਣੀਆਂ। ਇਹ ਲੱਚਰਤਾ, ਹੱਸਣ ਅਤੇ ਮਜ਼ਾਕ ਦੇ ਚੋਲੇ 'ਚ ਲਪੇਟੀ ਵੀ ਹੋ ਸਕਦੀ ਹੈ ਅਤੇ ਉਹ ਵੀ ਕਈ ਵਾਰ ਨੈਤਿਕ ਪਤਨ ਵੱਲ ਲੈ ਜਾਂਦੀ ਹੈ। ਅਸ਼ਲੀਲਤਾ ਸਿਰਫ਼ ਇਕ ਤਸਵੀਰ ਜਾਂ ਵੀਡੀਓ ਨਹੀਂ ਹੁੰਦੀ, ਇਹ ਇੱਕ ਸੋਚ ਹੁੰਦੀ ਹੈ ਜੋ ਨੈਤਿਕਤਾ ਨੂੰ ਮਾਰ ਦਿੰਦੀ ਹੈ ਤੇ ਇਨਸਾਨੀਅਤ ਨੂੰ ਮੁਰਦਾ ਕਰ ਦਿੰਦੀ ਹੈ। ਪੁਰਾਣਾ ਸਮੇਂ ਦੀ ਜੇਕਰ ਵਰਤਮਾਨ ਨਾਲ ਤੁਲਨਾ ਕਰੀਏ ਤਾਂ ਇਹ ਗੱਲ ਨਿੱਕਲ ਕੇ ਸਾਹਮਣੇ ਆਉਂਦੀ ਹੈ ਕਿ ਪੁਰਾਣੇ ਸਮੇਂ ਵਿੱਚ ਲੋਕ ਧਰਮ, ਭਗਤੀ ਅਤੇ ਸੰਸਕਾਰਾਂ ਦੀ ਨੈਤਿਕਤਾ ਨੂੰ ਮੂਲ ਸਿਧਾਂਤ ਬਣਾਉਂਦੇ ਸਨ। ਲੋਕ ਆਪਣੀ ਬੋਲੀ, ਪਹਿਰਾਵਾ ਅਤੇ ਵਿਹਾਰ ਵਿੱਚ ਮਰਿਆਦਾ ਦੀ ਪਾਲਣਾ ਕਰਦੇ ਸਨ। ਧੀ/ਭੈਣ ਦੀ ਇੱਜਤ ਨੂੰ ਪੂਰੇ ਪਿੰਡ ਦੀ ਇੱਜਤ ਸਮਝਿਆ ਜਾਂਦਾ ਸੀ ਪਰ ਅੱਜ, ਖੁੱਲ੍ਹੀ ਸੋਚ ਦੇ ਨਾਂ 'ਤੇ ਕਦਾਚਾਰ ਦੀ ਆਜ਼ਾਦੀ ਲਈ ਲੜਾਈ ਹੋ ਰਹੀ ਹੈ ਅਤੇ ਸੋਸ਼ਲ ਮੀਡੀਆ ਇਸ ਵਿੱਚ ਮੁੱਖ ਭੂਮਿਕਾ ਨਿਭਾ ਰਿਹਾ ਹੈ।

ਸੋਸ਼ਲ ਮੀਡੀਆ ਤੇ ਅਸ਼ਲੀਲਤਾ ਕਿਉਂ ਵੱਧ ਰਹੀ ਹੈ?

ਆਸਾਨ ਇੰਟਰਨੈੱਟ ਪਹੁੰਚ।

ਲਾਈਕਸ ਅਤੇ ਵਾਇਰਲ ਹੋਣ ਦੀ ਭੁੱਖ।

ਪੈਸਾ ਕਮਾਉਣ ਦੀ ਦੌੜ।

ਸਮਝਦਾਰੀ ਅਤੇ ਪੁਣ-ਛਾਣ ਦੀ ਘਾਟ।

ਮਾਪਿਆਂ ਦੇ ਕੰਟਰੋਲ ਦੀ ਕਮੀ।

ਇਸ ਦੇ ਸਮਾਜ, ਪਰਿਵਾਰ ਅਤੇ ਬੱਚਿਆਂ ਤੇ ਪ੍ਰਭਾਵ:-

ਬੱਚਿਆਂ ਦੇ ਮਨੋਵਿਗਿਆਨਿਕ ਵਿਕਾਸ 'ਤੇ ਬੁਰਾ ਪ੍ਰਭਾਵ

ਲਿੰਗ ਅਸਮਾਨਤਾ ਅਤੇ ਸ਼ੋਸ਼ਣ ਵਾਧਾ

ਪਰਿਵਾਰ ਵਿੱਚ ਵਿਸ਼ਵਾਸ ਦੀ ਘਾਟ

ਨੌਜਵਾਨਾਂ ਦਾ ਨੈਤਿਕ ਪਤਨ ਅਤੇ ਅਪਰਾਧ ਵਿੱਚ ਵਾਧਾ ਵਿਅਕਤੀਗਤ ਜੀਵਨ ਵਿੱਚ ਅਸੰਤੁਸ਼ਟੀ ਅਤੇ ਡਿਪ੍ਰੈਸ਼ਨ

ਅਜਿਹੇ ਹਲਾਤਾਂ ਵਿੱਚ, ਮਾਪਿਆਂ, ਸਮਾਜ ਅਤੇ ਨੇਤਾਵਾਂ ਦੀ ਭੂਮਿਕਾ ਹੋਰ ਵੀ ਅਹਿਮ ਹੋ ਜਾਂਦੀ ਹੈ, ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨਾਲ ਖੁੱਲ੍ਹ ਕੇ ਗੱਲ ਕਰਨ, ਸਮਾਜਿਕ ਨੇਤਾਵਾਂ ਤੇ ਧਾਰਮਿਕ ਆਗੂਆਂ ਨੂੰ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ, ਘਰ ਅਤੇ ਸਮਾਜ ਲਈ ਅਜਿਹੀ ਨੀਤੀ ਨਿਰਧਾਰਿਤ ਕਰਨੀ ਚਾਹੀਦੀ ਹੈ ਜਿਸ ਨਾਲ ਨੈਤਿਕ ਕਦਰਾਂ ਕੀਮਤਾਂ ਦਾ ਵਿਕਾਸ ਹੋ ਸਕੇ।

ਅਸੀਂ ਸਾਰੇ ਰਲ ਕੇ ਕੀ ਕਰ ਸਕਦੇ ਹਾਂ?

ਸਕੂਲਾਂ ਵਿੱਚ 'ਡਿਜੀਟਲ ਲਿਟਰੇਸੀ' ਅਤੇ 'ਨੈਤਿਕ ਸਿੱਖਿਆ' ਦੀ ਕਲਾਸ ਤੇ ਜ਼ੋਰ।

ਸਰਕਾਰ ਕੋਲੋਂ ਅਸ਼ਲੀਲ ਸਮੱਗਰੀ ਤੇ ਸਖ਼ਤ ਰੋਕ ਸੰਬੰਧੀ ਕਾਨੂੰਨ ਦੀ ਮੰਗ।

ਸਾਫ਼ ਸੁਥਰੇ ਕੰਟੈਂਟ ਨੂੰ ਉਤਸ਼ਾਹਿਤ ਕਰੀਏ।

ਯੂਟਿਊਬ, ਇਨਸਟਾਗ੍ਰਾਮ ਅਤੇ ਫੇਸਬੁੱਕ ਆਦਿ ਤੇ ਫਿਲਟਰ ਅਤੇ ਰਿਪੋਰਟਿੰਗ ਸਿਸਟਮ ਦੀ ਸਖ਼ਤੀ ਨਾਲ ਪਾਲਣਾ।

ਅਸ਼ਲੀਲਤਾ ਖ਼ਿਲਾਫ਼ ਇਸ ਯੁੱਧ ਵਿੱਚ ਧਾਰਮਿਕ, ਵਿੱਦਿਅਕ ਅਤੇ ਸਮਾਜਿਕ ਅਦਾਰਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ, ਇਸ ਮੈਦਾਨ ਵਿੱਚ ਕੁੱਦ ਜਾਣਾ ਚਾਹੀਦਾ ਹੈ ਅਤੇ ਹਰੇਕ ਵਰਗ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।

ਧਾਰਮਿਕ ਗੁਰੂ, ਨੈਤਿਕ ਜੀਵਨ ਦੀ ਮਹੱਤਤਾ ਤੇ ਆਪਣੇ ਬਚਨਾਂ ਰਾਹੀਂ ਜਾਗਰੂਕਤਾ ਫੈਲਾਉਣ।

ਨੈਤਿਕ ਜੀਵਨ ਅਤੇ ਇਨਸਾਨੀ ਮੁੱਲਾਂ ਦੀ ਪਾਲਣਾ ਲਈ ਹਰ ਹਫ਼ਤੇ/ਮਹੀਨੇ 'ਨੈਤਿਕਤਾ ਤੇ ਸੈਸ਼ਨ' ਜਾਂ 'ਸਾਫ ਸੋਚ-ਸਾਫ ਜੀਵਨ' ਵਰਗੇ ਸੰਦੇਸ਼ ਦੇਣ ਵਾਲੇ ਪ੍ਰਵਚਨ, ਗੁਰਦੁਆਰਿਆਂ, ਮੰਦਰਾਂ, ਮਸੀਤਾਂ ਅਤੇ ਚਰਚਾਂ ਵਿੱਚ ਨੌਜਵਾਨਾਂ ਲਈ ਵਿਸ਼ੇਸ਼ ਚਰਚਾ ਕਰਵਾਉਣਾ, ਆਪਣੇ ਧਾਰਮਿਕ ਯੂਟਿਊਬ ਚੈਨਲਾਂ/ਫੇਸਬੁੱਕ ਪੇਜਾਂ ਰਾਹੀਂ ਸੰਸਕਾਰਿਕ ਵੀਡੀਓਜ਼ ਅਤੇ ਲਾਈਵ ਬਚਨ ਅਤੇ ਧਾਰਮਿਕ ਕੈਂਪਾਂ ਵਿਚ 'ਨੈਤਿਕ ਡਿਜੀਟਲ ਵਰਤੋਂ' ਦੀ ਸਿੱਖਿਆ ਰਾਹੀਂ ਕਾਫੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਰੋਲ ਮਾਡਲ ਬਣ ਕੇ ਆਪਣੇ ਕੰਮ, ਭਾਸ਼ਾ ਤੇ ਵਿਵਹਾਰ ਰਾਹੀਂ ਵਿਦਿਆਰਥੀਆਂ ਵਿਚ ਨੈਤਿਕਤਾ, ਜ਼ਿੰਮੇਵਾਰੀ ਅਤੇ ਸਮਝਦਾਰੀ ਪੈਦਾ ਕਰਨ।

ਇਸ ਮੰਤਵ ਦੀ ਪੂਰਤੀ ਲਈ ਹਰ ਹਫ਼ਤੇ ਇੱਕ 'ਨੈਤਿਕਤਾ ਪਾਠ' ਜਾਂ 'ਜੀਵਨ ਮੁੱਲਾਂ' 'ਤੇ ਸੰਬੋਧਨ, ਵਿਦਿਆਰਥੀਆਂ ਨੂੰ ਡਿਜੀਟਲ ਜਾਗਰੂਕਤਾ 'ਤੇ ਪੋਸਟਰ ਬਣਾਉਣ ਜਾਂ ਰੋਲ ਪਲੇਅ ਕਰਵਾਉਣਾ, ਅਸ਼ਲੀਲ ਸਮੱਗਰੀ ਦੇ ਨੁਕਸਾਨਾਂ 'ਤੇ ਵਾਰਤਾਲਾਪ, ਮਾਪਿਆਂ ਲਈ ਮੀਟਿੰਗਾਂ 'ਚ ਡਿਜੀਟਲ ਮਾਨਸਿਕਤਾ ਤੇ ਸਮਝ ਬਣਾਉਣਾ ਅਧਿਆਪਕ ਦੀ ਸਿਖਸ਼ਣ ਵਿਉਂਤਬੰਦੀ ਦਾ ਹਿੱਸਾ ਹੋਣੇ ਚਾਹੀਦੇ ਹਨ।

ਯੂਨੀਵਰਸਿਟੀਆਂ ਤੇ ਕਾਲਜ਼, ਨੌਜਵਾਨ ਪੀੜ੍ਹੀ ਨੂੰ ਤਰਕ ਸੰਗਤ ਸੋਚ ਤੇ ਜਵਾਬਦੇਹ ਬਨਾਉਣ, ਇਸ ਉਦੇਸ਼ ਦੀ ਪੂਰਤੀ ਲਈ ਇਹਨਾਂ ਅਦਾਰਿਆਂ ਵਿੱਚ 'ਨੈਤਿਕ ਮੀਡੀਆ ਅਭਿਆਨ'-- ਕੈਂਪਸ ਵਿੱਚ ਅਸ਼ਲੀਲਤਾ ਖਿਲਾਫ ਆਵਾਜ਼, ਸੈਮੀਨਾਰ, ਡਿਬੇਟ ਤੇ ਨਿਬੰਧ ਮੁਕਾਬਲੇ: 'ਸੋਸ਼ਲ ਮੀਡੀਆ: ਬਿਮਾਰੀ ਅਤੇ ਇਲਾਜ਼?' ਨੈਤਿਕ ਲੀਡਰਸ਼ਿਪ ਕੋਰਸਾਂ ਦੀ ਸ਼ੁਰੂਆਤ, ਡਿਜੀਟਲ ਸਫਾਈ ਦਿਵਸ: ਨਕਲੀ ਪ੍ਰੋਫਾਈਲ, ਘਟੀਆ ਕੰਟੈਂਟ ਰਿਪੋਰਟ ਕਰਵਾਉਣ, ਯੂਟਿਊਬ/ਇੰਸਟਾਗ੍ਰਾਮ/ਫੇਸਬੁੱਕ ਦੇ ਇਨਫਲੂਐਂਸਰ ਬਣਨ ਦੇ ਨੈਤਿਕ ਮਾਪਦੰਡ ਬਣਾਉਣ ਆਦਿ ਦੀ ਮੁਹਿੰਮ ਵਿੱਢੀ ਜਾ ਸਕਦੀ ਹੈ।

ਸਮਾਜ ਸੇਵੀ ਸੰਸਥਾਵਾਂ ਜਨਤਾ ਵਿਚ ਜਾਗਰੂਕਤਾ ਅਤੇ ਮੁੱਲਵਾਨ ਸੋਚ ਦਾ ਵਿਕਾਸ ਕਰਨ ਵਿੱਚ ਅਹਿਮ ਯੋਗਦਾਨ ਪਾ ਸਕਦੀਆਂ ਹਨ। ਉਹ ਸਮਾਜ ਜਾਗਰੂਕਤਾ ਮੁਹਿੰਮ--ਨੈਤਿਕਤਾ, ਸਾਫ ਕੰਟੈਂਟ ਤੇ ਸਿੱਖਿਆ, ਗ੍ਰਾਮ ਪੰਚਾਇਤ/ਮੁਹੱਲਾ ਸਭਾਵਾਂ ਵਿੱਚ ਡਿਜੀਟਲ ਨੈਤਿਕਤਾ ਤੇ ਨੁੱਕੜ ਨਾਟਕ ਕਰਵਾ ਸਕਦੇ ਹਨ।ਅਸੀਂ ਸਾਰੇ ਇੱਕ-ਦੂਜੇ ਦੀ ਜ਼ਿੰਮੇਵਾਰੀ ਬਣ ਕੇ ਆਪਣੇ ਕੰਮ, ਕਲਮ, ਭਾਸ਼ਣ ਅਤੇ ਸੋਚ ਰਾਹੀਂ ਸਮਾਜ ਨੂੰ ਲੱਚਰਤਾ ਤੇ ਅਸ਼ਲੀਲਤਾ ਦੀ ਅੱਗ ਤੋਂ ਬਚਾ ਸਕਦੇ ਹਾਂ। ਅਸੀਂ ਤਕਨਾਲੋਜੀ ਦੀ ਵਰਤੋਂ ਕਰੀਏ, ਪਰ ਇਨਸਾਨੀਅਤ, ਨੈਤਿਕਤਾ ਅਤੇ ਸੰਸਕਾਰਾਂ ਦੀਆਂ ਹੱਦਾਂ ਵਿੱਚ ਰਹਿ ਕੇ ਹੀ ਅਸੀਂ ਸਾਰੇ ਅਸ਼ਲੀਲਤਾ ਦੇ ਇਸ ਕੋਹੜ ਤੋਂ ਬਚ ਸਕਦੇ ਹਾਂ।

ਆਓ, ਸੋਸ਼ਲ ਮੀਡੀਆ ਨੂੰ ਸ਼ਰਮ ਅਤੇ ਸੰਸਕਾਰਾਂ ਨਾਲ ਜੋੜੀਏ - ਨਾ ਕਿ ਅਸ਼ਲੀਲਤਾ ਨਾਲ।



**ਹਰਦੀਪ ਰਾਏ ਪਰਾਸ਼ਰ, ਦੇਸ਼ ਭਗਤ ਮਾਸਟਰ ਕਾਬਲ ਸਿੰਘ ਮੈਮੋਰੀਅਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰ, ਸ਼ਹੀਦ ਭਗਤ ਸਿੰਘ ਨਗਰ।**
**ਸੰਪਰਕ: 9872121276**

ਇਹ ਲੇਖਕ ਦੇ ਨਿੱਜੀ ਵਿਚਾਰ ਹਨ। ਅਖ਼ਬਾਰ ਇਸਦੀ ਪੁਸ਼ਟੀ ਨਹੀਂ ਕਰਦਾ

# ਦੋਰਾਹਾ ਪਬਲਿਕ ਸਕੂਲ ਵਿਖੇ ਮੈਡੀਕਲ ਚੈਕਅੱਪ ਕੈਂਪ ਦਾ ਆਯੋਜਨ

**ਵਿਦਿਆਰਥੀ ਤੰਦਰੁਸਤ ਜੀਵਨ ਲਈ ਚੰਗੀਆਂ ਆਦਤਾਂ ਅਪਣਾਉਣ -ਪ੍ਰਿੰਸੀਪਲ**




**ਦੋਰਾਹਾ, 12 ਜੁਲਾਈ (ਲਾਲ ਸਿੰਘ ਮਾਂਗਟ)**- ਸਥਾਨਕ ਦੋਰਾਹਾ ਪਬਲਿਕ ਸਕੂਲ ਵਿੱਚ ਜਮਾਤ ਨਰਸਰੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਦਾ ਪਿਛਲੇ ਦਿਨੀਂ ਤਿੰਨ ਰੋਜ਼ਾ ਸਿਹਤ ਨਿਰੀਖਣ ਕੈਂਪ ਲਗਾਇਆ ਗਿਆ । ਇਸ ਦੌਰਾਨ ਸੀ. ਐੱਮ. ਸੀ. ਹਸਪਤਾਲ ਦੇ ਡਾਕਟਰਾਂ ਦੁਆਰਾ ਵਿਦਿਆਰਥੀਆਂ ਦਾ ਸਰੀਰਕ ਚੈੱਕਅਪ ਕੀਤਾ ਗਿਆ। ਉਹਨਾਂ ਨੇ ਵਿਦਿਆਰਥੀਆਂ ਦੀਆਂ ਵੱਖ- ਵੱਖ ਬਿਮਾਰੀਆਂ ਜਿਵੇਂ ਕਿ ਕਮਜ਼ੋਰ ਨਜ਼ਰ ,ਕੰਨ, ਗਲਾ,ਦੰਦ ਆਦਿ ਦੀ ਜਾਂਚ ਕੀਤੀ।ਸਰੀਰਕ ਚੈੱਕਅੱਪ ਦੌਰਾਨ ਜਿੰਨਾ ਵਿਦਿਆਰਥੀਆਂ ਨੂੰ ਨਜ਼ਰ ਅਤੇ ਦੰਦਾਂ ਸੰਬੰਧੀ ਕੋਈ ਸਮੱਸਿਆ ਆਈ, ਉਨ੍ਹਾਂ ਨੂੰ ਬਣਦੀ ਸਲਾਹ ਅਤੇ ਮਾਹਿਰ ਡਾਕਟਰਾਂ ਨੂੰ ਦਿਖਾਉਣ ਲਈ ਕਿਹਾ ਗਿਆ। ਡਾਕਟਰਾਂ ਨੇ ਵਿਦਿਆਰਥੀਆਂ ਨੂੰ ਸਿਹਤਮੰਦ ਜ਼ਿੰਦਗੀ ਲਈ ਰੋਜ਼ਾਨਾ ਦੀਆਂ ਆਦਤਾਂ ਬਾਰੇ ਜਾਣਕਾਰੀ ਦਿੱਤੀ, ਜਿਸ ਵਿੱਚ ਸਰੀਰ ਦੀ ਸਫ਼ਾਈ, ਹੱਥ ਧੋਣਾ ,ਸੰਤੁਲਿਤ ਭੋਜਨ ਅਤੇ ਮੋਬਾਇਲ ਅਤੇ ਟੀ.ਵੀ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਇਸ ਮੌਕੇ ਸਕੂਲ ਦੇ ਡਾਇਰੈਕਟਰ ਤਪਵੀਰ ਸਿੰਘ ਅਤੇ ਪ੍ਰਿੰਸੀਪਲ ਮੋਨਿਕਾ ਸਾਰਵਾਲ ਨੇ ਸੀ .ਐੱਮ. ਸੀ. ਦੇ ਸਿਹਤ ਵਿਭਾਗ ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਤੰਦਰੁਸਤ ਜੀਵਨ ਲਈ ਚੰਗੀਆਂ ਆਦਤਾਂ ਅਪਣਾਉਣ ਲਈ ਕਿਹਾ। ਉਹਨਾਂ ਨੇ ਭਵਿੱਖ ਵਿਚ ਵੀ ਅਜਿਹੇ ਜਾਂਚ ਕੈਂਪ ਲਗਵਾਉਂਦੇ ਰਹਿਣ ਲਈ ਕਿਹਾ ।

# ਡੀ.ਐੱਸ.ਪੀ ਦਫਤਰ ਤੇ ਸਰਕਾਰੀ/ਪ੍ਰਾਈਵੇਟ ਦਫਤਰਾਂ ਵਿੱਚ ਕੀਤਿਆਂ ਐਂਟੀ ਲਾਰਵਾ ਗਤੀਵਿਧੀਆਂ ਤੇ ਡੇਂਗੂ, ਮਲੇਰੀਆ ਸੰਬੰਧੀ ਕੀਤਾ ਲੋਕਾਂ ਨੂੰ ਜਾਗਰੂਕ

**ਜਲਾਲਾਬਾਦ 12 ਜੁਲਾਈ (ਗਗਨ ਵਾਟਸ)** :- ਸਿਵਲ ਸਰਜਨ ਫਾਜ਼ਿਲਕਾ ਡਾ. ਰਾਜ ਕੁਮਾਰ, ਸਹਾਇਕ ਸਿਵਲ ਸਰਜਨ ਡਾ. ਰੋਹਿਤ ਗੋਇਲ , ਜਿਲ੍ਹਾ ਐਪੀਡੀਮੋਲੋਜਿਸਟ ਡਾ. ਸੁਨੀਤਾ ਕੰਬੋਜ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸਿਵਲ ਹਸਪਤਾਲ ਜਲਾਲਾਬਾਦ ਦੇ ਐੱਸ.ਐੱਮ.ਓ ਡਾ. ਸੁਮਿਤ ਲੂਣਾ , ਪੀ.ਐੱਚ.ਸੀ. ਜੰਡਵਾਲਾ ਭੀਮੇਸ਼ਾਹ ਦੇ ਐਸ.ਐਮ.ਓ. ਡਾ. ਰਵੀ ਬਾਂਸਲ ਦੀ ਯੋਗ ਅਗਵਾਈ ਹੇਠ ਐਂਟੀ ਡੇਂਗੂ ਕੰਪੇਨ 'ਹਰ ਸ਼ੁੱਕਰਵਾਰ , ਡੇਂਗੂ ਤੇ ਵਾਰ' ਪ੍ਰੋਗਰਾਮ ਤਹਿਤ ਸਿਹਤ ਵਿਭਾਗ ਦੀ ਐੱਨ.ਵੀ.ਬੀ.ਡੀ.ਸੀ.ਪੀ ਬਰਾਂਚ ਅਰਬਨ ਜਲਾਲਾਬਾਦ , ਨਗਰ ਕੌਂਸਲ ਜਲਾਲਾਬਾਦ ਤੇ ਨਰਸਿੰਗ ਸਟੂਡੈਂਟਸ ਦੀ ਟੀਮ ਵੱਲੋਂ ਅਰਬਨ ਜਲਾਲਾਬਾਦ ਵਿਖੇ ਡੀ.ਐੱਸ.ਪੀ ਦਫਤਰ ਤੇ ਸਰਕਾਰੀ/ ਪ੍ਰਾਈਵੇਟ ਦਫਤਰਾਂ ਵਿੱਚ ਤੇ ਘਰ-ਘਰ ਜਾ ਕੇ ਐਂਟੀ ਲਾਰਵਾ ਗਤੀਵਿਧੀਆਂ ਕੀਤਿਆਂ , ਸਪਰੇਅ ਦਾ ਛਿੜਕਾਅ ਕਰਵਾਇਆ ਤੇ ਡੇਂਗੂ , ਮਲੇਰੀਆ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤਾ। ਜਸਪਾਲ ਸਿੰਘ ਸਿੱਧੂ ਤੇ ਲੇਖ ਰਾਜ ਐੱਮ.ਪੀ.ਐੱਚ.ਡਬਲਯੂ ਨੇ ਡੇਂਗੂ , ਮਲੇਰੀਆ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜੇਕਰ ਕੋਈ ਵੀ ਬੁਖ਼ਾਰ ਹੋਵੇ ਤਾ ਉਸ ਦੀ ਜਾਂਚ ਜਲਦੀ ਤੋਂ ਜਲਦੀ ਨੇੜੇ ਦੇ ਸਰਕਾਰੀ ਹਸਪਤਾਲ ਜਾਂ ਆਯੂਸ਼ਮਾਨ ਆਰੋਗਿਆ ਕੇਂਦਰ 'ਚ ਜਾ ਕੇ ਕਰਵਾਈ ਜਾਵੇ , ਜਿੱਥੇ ਕਿ ਡੇਂਗੂ ਤੇ ਮਲੇਰੀਆ ਦੇ ਟੈਸਟ ਮੁਫ਼ਤ ਕੀਤੇ ਜਾਂਦੇ ਹਨ ਤੇ ਦਵਾਈਆਂ ਵੀ ਬਿਲਕੁਲ ਮੁਫ਼ਤ ਦਿੱਤੀਆਂ ਜਾਦੀਆਂ ਹਨ। ਡੀ.ਐੱਸ.ਪੀ ਜਤਿੰਦਰ ਸਿੰਘ ਗਿੱਲ ਵੱਲੋਂ ਸਿਹਤ ਵਿਭਾਗ ਦੀ ਟੀਮ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ ਲੋਕਾਂ ਨੂੰ ਡੇਂਗੂ ਮਲੇਰੀਆ ਜਾਗਰੂਕਤਾ ਮੁਹਿੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਇਸ ਮੌਕੇ ਸੀਤਾ ਰਾਣੀ, ਗਗਨਦੀਪ ਕੌਰ ਐੱਮ.ਪੀ.ਐੱਚ.ਡਬਲਯੂ, ਰੀਡਰ ਸੰਦੀਪ ਕੰਬੋਜ, ਸਹਾਇਕ ਰੀਡਰ ਅਸ਼ਵਨੀ ਕੰਬੋਜ, ਨਵਦੀਪ ਸਿੰਘ, ਸੁਖਵਿੰਦਰ ਸਿੰਘ, ਸੰਦੀਪ ਕੁਮਾਰ ਅਤੇ ਸਮੂਹ ਸਟਾਫ, ਨਰਸਿੰਗ ਸਟੂਡੈਂਟਸ, ਆਸ਼ਾ ਵਰਕਰ, ਸਰਬਜੀਤ ਸਿੰਘ, ਗੁਰਪ੍ਰੀਤ ਸਿੰਘ ਬ੍ਰਿਡਿੰਗ ਚੈਂਕਰ ਅਤੇ ਪਤਵੰਤੇ ਸੱਜਣ ਤੇ ਲੋਕ ਹਾਜ਼ਰ ਸਨ।



## ਕਾਂਗੜ ਵੱਲੋਂ ਡਾ. ਗੁਰਸੇਵਕ ਸਿੰਘ ਮਰਾੜ੍ਹ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਭਗਤਾ ਭਾਈ, 12 ਜੁਲਾਈ (ਰਾਜਿੰਦਰ ਸਿੰਘ ਮਰਾਹੜ)**-ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਸਿਹਤ ਵਿਭਾਗ ਪੰਜਾਬ ਵਿੱਚ ਸੇਵਾਵਾਂ ਨਿਭਾਉਣ ਵਾਲੇ ਡਾ. ਗੁਰਸੇਵਕ ਸਿੰਘ ਮਰਾੜ੍ਹ (ਕੋਠਾ ਗੁਰੂ) ਦੇ ਘਰ ਪਹੁੰਚ ਕੇ ਉਨ੍ਹਾਂ ਦੇ ਦੇਹਾਂਤ 'ਤੇ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ। ਇਸ ਮੌਕੇ ਸਾਬਕਾ ਮੰਤਰੀ ਕਾਂਗੜ ਨੇ ਡਾ. ਗੁਰਸੇਵਕ ਸਿੰਘ ਮਰਾੜ੍ਹ ਵੱਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਮਿਲਣਸਾਰ ਅਤੇ ਨੇਕ ਸੁਭਾਅ ਦੇ ਮਾਲਕ ਸਨ। ਇਸ ਮੌਕੇ ਗੁਰਦੀਪ ਸਿੰਘ ਗਿੱਲ, ਲਾਲੀ ਕਾਂਗੜ, ਮਨਜੀਤ ਸਿੰਘ ਨੰਬਰਦਾਰ, ਸੋਨਾ ਮੈਂਬਰ, ਮਨਜਿੰਦਰ ਸਿੰਘ ਭੱਲਾ, ਦਵਿੰਦਰ ਸਿੰਘ ਉੱਪਲ, ਜਗਰੂਪ ਸਿੰਘ ਸਿੱਧੂ, ਬਲਜੀਤ ਸਿੰਘ ਬੱਗਾ, ਸਿਕੰਦਰ ਸਿੰਘ ਮਾਨ, ਰਾਮ ਸਿੰਘ ਖਹਿਰਾ, ਹਰਦੇਵ ਸਿੰਘ ਦੇਵ, ਗੁਰਮੇਲ ਸਿੰਘ ਮਰਾੜ੍ਹ, ਗੁਰਜੰਟ ਸਿੰਘ ਜੰਟਾ, ਜਗਜੀਤ ਸਿੰਘ ਬਬਲਾ, ਜੀਤ ਸਿੰਘ ਗਿੱਲ, ਗੁਰਮੀਤ ਸਿੰਘ ਸਿੱਧੂ ਆਦਿ ਹਾਜ਼ਰ ਸਨ।

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਰਵੀਨਾ ਰਾਣੀ ਨੇ ਪੁਸ਼ਪਕ ਪ੍ਰਿੰਟਰ, ਚੱਕ ਰੋਡ ਨੇੜੇ ਖਾਲਸਾ ਸਕੂਲ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਮਾਲਵਾ ਬਾਣੀ ਦਫਤਰ, ਖੱਡੀਆਂ ਵਾਲੀ ਗਲੀ, ਹਾਊਸ ਨੰਬਰ 1740 , ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਰਵੀਨਾ ਰਾਣੀ
Rni.PUNPUN/2022/85964

## ਕੋਟਕਪੂਰਾ ਵਿੱਚ ਇੰਟਰਨੈਸ਼ਨਲ ਅਲਾਇੰਸ ਬਿਜ਼ਨਸ ਕਨੈਕਟ ਕਲੱਬ ਦਾ ਕੀਤਾ ਗਿਆ ਗਠਨ, ਸਮਾਜਸੇਵੀ ਚਰਨਦਾਸ ਗਰਗ ਚੇਅਰਮੈਨ ਅਤੇ ਬਲਜੀਤ ਸਿੰਘ ਖੀਵਾ ਚੁਣੇ ਗਏ ਪ੍ਰਧਾਨ




**ਕੋਟਕਪੂਰਾ, 12 ਜੁਲਾਈ (ਟਿੰਕੂ ਕੁਮਾਰ)** :- ਇੰਟਰਨੈਸ਼ਨਲ ਅਲਾਇੰਸ ਕਲੱਬ ਕੋਟਕਪੂਰਾ ਡਾਇਮੰਡ ਡਿਸਟ੍ਰਿਕਟ-111 ਨੇ ਕੋਟਕਪੂਰਾ ਵਿੱਚ ਪੰਜਾਬ ਦੀ ਪਹਿਲੀ ਅਲਾਇੰਸ ਬਿਜ਼ਨਸ ਕਨੈਕਟ ਦੀ ਸ਼ਾਖਾ ਸਥਾਪਤ ਕਰਕੇ ਸਮਾਜ ਸੇਵਾ ਦੇ ਖੇਤਰ ਵਿੱਚ ਇੱਕ ਨਵਾਂ ਮੀਲ ਪੱਥਰ ਸਾਬਤ ਕੀਤਾ ਹੈ। ਇਸ ਸਮੇਂ ਅਲਾਇੰਸ ਕਲੱਬ ਪੰਜਾਬ ਦੇ ਸੰਸਥਾਪਕ ਐਲੀ. ਸੁਭਾਸ਼ ਮੰਗਲਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਸਾਡੇ ਕਲੱਬ ਦੇ ਸੰਸਥਾਪਕ ਇੰਟਰਨੈਸ਼ਨਲ ਪ੍ਰਧਾਨ ਸਤੀਸ਼ ਲਖੋਟੀਆ ਨੇ ਅਲਾਇੰਸ ਮੈਂਬਰਾਂ ਦੀ ਵਪਾਰ ਨੂੰ ਵਧਾਉਣ ਲਈ ਇੱਕ ਅੰਤਰਰਾਸ਼ਟਰੀ ਪੱਧਰ ਦੇ ਪਲੇਟਫਾਰਮ ਦਾ ਉਦਘਾਟਨ ਕੀਤਾ ਸੀ ਅਤੇ ਇਸਨੂੰ ਅਲਾਇੰਸ ਬਿਜ਼ਨਸ ਕਨੈਕਟ ਨਾਮ ਦਿੱਤਾ ਸੀ ਅਤੇ ਪੰਜਾਬ ਵਿੱਚ ਇਸ ਕਲੱਬ ਦੀ ਪਹਿਲੀ ਸ਼ਾਖਾ ਕੋਟਕਪੂਰਾ ਦੇ ਅਲਾਇੰਸ ਮੈਂਬਰ ਚਰਨਦਾਸ ਗਰਗ ਅਤੇ ਸਮਾਜਸੇਵੀ ਸ. ਬਲਜੀਤ ਸਿੰਘ ਖੀਵਾ ਦੁਆਰਾ ਖੋਲ੍ਹੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਕਲੱਬ ਦਾ ਮੁੱਖ ਉਦੇਸ਼ ਅਲਾਇੰਸ ਕਲੱਬ ਦੇ ਸਥਾਨਕ ਮੈਂਬਰਾਂ ਨੂੰ ਉਨ੍ਹਾਂ ਦੀਆਂ ਵਪਾਰ ਨੂੰ ਵਧਾਉਣ ਲਈ ਰਾਸ਼ਟਰੀ ਪੱਧਰ ਦੇ ਅਲਾਇੰਸ ਮੈਂਬਰਾਂ ਨਾਲ ਜੋੜਨਾ ਹੈ। ਇਸ ਸਮੇਂ ਐਲੀ. ਸੁਭਾਸ਼ ਮੰਗਲਾ, ਕਲੱਬ ਚੇਅਰਮੈਨ ਚਰਨਦਾਸ ਗਰਗ ਅਤੇ ਕਲੱਬ ਪ੍ਰਧਾਨ ਬਲਜੀਤ ਸਿੰਘ ਖੀਵਾ ਨੇ ਅਲਾਇੰਸ ਬਿਜ਼ਨਸ ਕਨੈਕਟ ਦੇ ਨਵੇਂ ਮੈਂਬਰਾਂ, ਰਾਜ ਕੁਮਾਰ ਅਗਰਵਾਲ, ਪ੍ਰਦੀਪ ਕੁਮਾਰ ਮਿੱਤਲ, ਪੰਡਿਤ ਅਖਿਲ ਕੌਸ਼ਿਕ, ਵਿਨੈ ਕੌਸ਼ਿਕ, ਗਗਨ ਆਹੂਜਾ, ਕਮਲ ਕਟਾਰੀਆ, ਆਨੰਦ ਕੁਮਾਰ, ਡਾ. ਰਣਜੀਤ ਸਿੰਘ ਸਿੱਧੂ, ਸ. ਗੁਰਮੀਤ ਸਿੰਘ, ਹਰਸ਼ ਗੌਤਮ ਦਾ ਹਾਰ ਅਤੇ ਅਲਾਇੰਸ ਮੈਡਲ ਪਾ ਕੇ ਕਲੱਬ ਵਿੱਚ ਸਵਾਗਤ ਕੀਤਾ। ਇਸ ਸਮੇਂ ਸਮੂਹ ਮੈਂਬਰਾਂ ਨੂੰ ਅਲਾਇੰਸ ਸਹੁੰ ਵੀ ਚੁਕਾਈ ਗਈ।

## ਆਰਸੇਟੀ ਨੇ ਛੇ ਮਹੀਨੇ 'ਚ 9 ਹਜ਼ਾਰ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਕੋਰਸਾਂ ਦੀ ਟਰੇਨਿੰਗ ਦੇ ਕੇ ਬਣਾਇਆ ਸਵੈ ਰੋਜ਼ਗਾਰ ਦੇ ਕਾਬਲ

### ਆਰਸੇਟੀ ਪਟਿਆਲਾ 'ਚ 31 ਦਿਨਾਂ ਦੀ ਡੇਅਰੀ ਫਾਰਮਿੰਗ ਟਰੇਨਿੰਗ ਸ਼ੁਰੂ




**ਪਟਿਆਲਾ, 12 ਜੁਲਾਈ (ਅਮਨ ਸਿੱਧੂ ਮੱਲੇਵਾਲ)** : ਸਟੇਟ ਬੈਂਕ ਆਫ਼ ਇੰਡੀਆ (ਐਸ.ਬੀ.ਆਈ.) ਦੀ ਦਿਹਾਤੀ ਸਵੈ ਰੋਜ਼ਗਾਰ ਟਰੇਨਿੰਗ ਇੰਸਟੀਚਿਊਟ (ਆਰਸੇਟੀ), ਪਟਿਆਲਾ ਵੱਲੋਂ ਅੱਜ ਤੋਂ 31 ਦਿਨਾਂ ਦੀ ਡੇਅਰੀ ਫਾਰਮਿੰਗ ਅਤੇ ਵਰਮੀ ਕੰਪੋਸਟ ਟਰੇਨਿੰਗ ਦੀ ਸ਼ੁਰੂਆਤ ਕੀਤੀ ਗਈ। ਇਸ ਕੋਰਸ ਵਿੱਚ 30 ਤੋਂ ਵੱਧ ਨੌਜਵਾਨਾਂ ਨੇ ਜੋਸ਼ ਅਤੇ ਜਜ਼ਬੇ ਨਾਲ ਹਿੱਸਾ ਲਿਆ। ਡਾਇਰੈਕਟਰ ਭਗਵਾਨ ਸਿੰਘ ਵਰਮਾ, ਡੀ.ਬੀ.ਈ.ਈ. ਤੋਂ ਡਿਪਟੀ ਸੀਈਓ ਸ.ਸਤਿੰਦਰ ਸਿੰਘ ਅਤੇ ਆਰਸੇਟੀ ਟੀਮ ਦੇ ਹਰਦੀਪ ਸਿੰਘ ਰਾਏ, ਬਲਜਿੰਦਰ ਸਿੰਘ, ਅਜੀਤਇੰਦਰ ਸਿੰਘ, ਜਸਵਿੰਦਰ ਸਿੰਘ ਅਤੇ ਸੁਮਿਤ ਜੋਸ਼ੀ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਪੈਰਾਂ 'ਤੇ ਖੜੇ ਹੋਣ ਅਤੇ ਮੁਦਰਾ ਯੋਜਨਾ ਰਾਹੀਂ ਲੋਨ ਲੈ ਕੇ ਆਪਣਾ ਕਾਰੋਬਾਰ ਸ਼ੁਰੂ ਕਰਨ। ਟਰੇਨਿੰਗ ਦੌਰਾਨ ਵਿਦਿਆਰਥੀਆਂ ਨੂੰ ਡੇਅਰੀ ਫਾਰਮਿੰਗ, ਪਸ਼ੂ ਸੰਭਾਲ, ਦੁੱਧ ਉਤਪਾਦਨ ਪ੍ਰਬੰਧਨ ਅਤੇ ਵਰਮੀ ਕੰਪੋਸਟ ਬਣਾਉਣ ਬਾਰੇ ਵਿਅਕਤੀਗਤ ਅਤੇ ਆਧੁਨਿਕ ਤਰੀਕਿਆਂ ਨਾਲ ਸਿੱਖਿਆ ਦਿੱਤੀ ਜਾਵੇਗੀ। ਇਹ ਸਿਰਫ਼ ਇੱਕ ਕੋਰਸ ਨਹੀਂ, ਬਲਕਿ ਨੌਜਵਾਨਾਂ ਲਈ ਖ਼ੁਦ ਨੌਕਰੀ ਦਿੰਦਿਆਂ ਬਣਨ ਦੀ ਸ਼ੁਰੂਆਤ ਹੈ।

ਉਨ੍ਹਾਂ ਦੱਸਿਆ ਕਿ ਸਾਲ 2025 ਤਕ ਆਰਸੇਟੀ ਪਟਿਆਲਾ ਵੱਲੋਂ ਹੁਣ ਤੱਕ 9064 ਤੋਂ ਵੱਧ ਵਿਦਿਆਰਥੀਆਂ ਨੂੰ ਵੱਖ-ਵੱਖ ਕੋਰਸਾਂ ਜਿਵੇਂ ਕਿ ਫਾਸਟ ਫੂਡ, ਬਿਊਟੀ ਪਾਰਲਰ, ਟੇਲਰਿੰਗ, ਜੂਟ ਉਤਪਾਦ ਆਦਿ ਵਿੱਚ ਸਿਖਲਾਈ ਦਿੱਤੀ ਜਾ ਚੁੱਕੀ ਹੈ। ਅਗਸਤ ਤੋਂ ਨਵੇਂ ਬੈਚ ਸ਼ੁਰੂ ਹੋਣ ਵਾਲੇ ਹਨ, ਜਿਨ੍ਹਾਂ ਵਿੱਚ ਡੇਅਰੀ ਫਾਰਮਿੰਗ, ਮਧੂਮੱਖੀ ਪਾਲਣ, ਕੰਪਿਊਟਰ ਅਕਾਊਂਟਿੰਗ, ਵਰਮੀ ਕੰਪੋਸਟ ਅਤੇ ਜੂਟ ਉਤਪਾਦ ਉਦਯੋਗਿਕਤਾ ਸ਼ਾਮਲ ਹੋਣਗੇ। ਰਜਿਸਟਰੇਸ਼ਨ ਜਾਰੀ ਹੈ। ਜਿਹੜੇ ਨੌਜਵਾਨ ਇਨ੍ਹਾਂ ਕੋਰਸਾਂ ਵਿੱਚ ਭਾਗ ਲੈਣਾ ਚਾਹੁੰਦੇ ਹਨ, ਉਹ ਹੇਠ ਲਿਖੇ ਨੰਬਰ 'ਤੇ ਸੰਪਰਕ ਕਰ ਸਕਦੇ ਹਨ, ਰਜਿਸਟਰੇਸ਼ਨ ਜਾਰੀ ਹੈ। ਸੀਟਾਂ ਸੀਮਤ ਹਨ।

## ਸੰਤ ਬਾਬਾ ਗੁਰਮੁਖ ਸਿੰਘ ਇੰਟਰਨੈਸ਼ਨਲ ਸਕੂਲ ਦਾ ਵਿਦਿਆਰਥੀ ਸਕੇਟਿੰਗ ਚੈਂਪੀਅਨਸ਼ਿਪ ਵਿਚ ਛਾਇਆ




**ਸ਼੍ਰੀ ਮੁਕਤਸਰ ਸਾਹਿਬ , 12 ਜੁਲਾਈ (ਰਵੀਨਾ ਅਰੋੜਾ)** ਸੰਤ ਬਾਬਾ ਗੁਰਮੁਖ ਸਿੰਘ ਇੰਟਰਨੈਸ਼ਨਲ ਸਕੂਲ, ਸ਼੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀ ਸਹਿਜ ਪ੍ਰੀਤ ਸਿੰਘ ਨੇ ASISC Zonal Games Skating Championship ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਹ ਜਿੱਤ ਸਹਿਜ ਪ੍ਰੀਤ ਸਿੰਘ ਦੀ ਮਿਹਨਤ, ਲਗਨ ਅਤੇ ਕੋਚ ਕਪਿਲ ਸ਼ਰਮਾ ਵੱਲੋਂ ਦਿੱਤੀ ਗਈ ਡੇਡੀਕੇਟਡ ਟਰੇਨਿੰਗ ਦਾ ਨਤੀਜਾ ਹੈ। ਉਸ ਨੇ ਨਾ ਸਿਰਫ ਆਪਣੇ ਸਕੂਲ ਦਾ ਮਾਣ ਵਧਾਇਆ ਹੈ, ਸਗੋਂ ਪੂਰੇ ਇਲਾਕੇ ਨੂੰ ਵੀ ਮਾਣ ਮਹਿਸੂਸ ਕਰਵਾਇਆ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਬਾਬਾ ਜਸਵਿੰਦਰ ਸਿੰਘ ,ਮੈਨੇਜਿੰਗ ਡਾਇਰੈਕਟਰ ਮੈਡਮ ਸੁਖਰਾਜ ਕੌਰ, ਕਾਰਜਕਾਰੀ ਡਾਇਰੈਕਟਰ ਸ੍ਰ ਸੁਖਦੇਵ ਸਿੰਘ, ਪ੍ਰਿੰਸੀਪਲ ਜਯੋਤੀ ਗੁੰਬਰ ਅਤੇ ਸਟਾਫ਼ ਮੈਬਰਾਂ ਵਲੋਂ ਸਹਿਜ ਪ੍ਰੀਤ ਸਿੰਘ ਨੂੰ ਵਿਸ਼ੇਸ਼ ਵਧਾਈਆਂ ਦਿੱਤੀਆਂ ਅਤੇ ਨਾਲ-ਨਾਲ ਪੜਾਈ ਵਿੱਚ ਵੀ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ ਗਿਆ। ਸਹਿਜ ਪ੍ਰੀਤ ਸਿੰਘ ਨੂੰ ਇਸ ਕਾਬਿਲ-ਏ-ਤਾਰੀਫ਼ ਪ੍ਰਾਪਤੀ ਲਈ ਲੱਖ-ਲੱਖ ਵਧਾਈਆਂ।

## ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ ਵਿਖੇ ਸੀ. ਬੀ. ਐੱਸ. ਈ. ਵੱਲੋਂ ਅਧਿਆਪਕਾਂ ਲਈ ਇੱਕ ਦਿਨਾ ਵਰਕਸ਼ਾਪ ਦਾ ਅਯੋਜਨ ਕੀਤਾ ਗਿਆ



**ਬਰਨਾਲਾ 12 ਜੁਲਾਈ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)** ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ ਵਿਖੇ ਸੀ. ਬੀ. ਐੱਸ. ਈ. ਵੱਲੋਂ ਮਿਤੀ 12-7-2025 ਨੂੰ ਇੱਕ ਦਿਨ ਦੀ ਕਾਰਜਸ਼ਾਲਾ ਦਾ ਅਯੋਜਨ ਕੀਤਾ ਗਿਆ। ਜਿਸ ਵਿੱਚ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ, ਮਹਿਲ ਕਲਾਂ, ਭਦੌੜ ਅਤੇ ਬਾਬਾ ਜੋਰਾ ਸਿੰਘ ਪਬਲਿਕ ਸਕੂਲ ਗੁਰਬਖਸ਼ਪੁਰਾ ਦੇ ਅਧਿਆਪਕਾ ਨੇ ਭਾਗ ਲਿਆ। ਇਸ ਕਾਰਜਸ਼ਾਲਾ ਵਿੱਚ ਸੀ.ਬੀ.ਐੱਸ. ਈ. ਵੱਲੋਂ ਸ੍ਰੀ ਜੋਗੇਸ਼ਵਰ ਬਤਿਆਲ ਅਤੇ ਸ੍ਰੀ ਪੁਸ਼ਪਿੰਦਰ ਕੁਮਾਰ ਰਾਣਾ ਜੀ ਨੇ ਸਿਰਕਿਤ ਕੀਤੀ। ਕਾਰਜਸ਼ਾਲਾ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਡਾ. ਸੰਦੀਪ ਕੁਮਾਰ ਲੱਠ ਜੀ ਵੱਲੋਂ ਆਏ ਹੋਏ ਮਹਿਮਾਨਾਂ ਦੇ ਸਵਾਗਤ ਨਾਲ ਕੀਤੀ ਗਈ। ਬੜੇ ਸੁਚਾਰੂ ਅਤੇ ਦਿਲਚਸਪ ਤਰੀਕੇ ਨਾਲ ਕੀਤੀ ਗਈ ਇਸ ਕਾਰਜਸ਼ਾਲਾ ਦਾ ਮੁੱਖ ਉਦੇਸ਼ ਸਿੱਖਣ ਦੇ ਨਤੀਜੇ, ਮਾਨਸਿਕ ਤਣਾਅ ਅਤੇ ਸਿੱਖਿਆ ਸ਼ਾਸਤਰ ਸੀ ਜੋ ਇਸ ਸਮੇ ਦੀ ਖਾਸ ਲੋੜ ਹੈ। ਉਹਨਾਂ ਨੇ ਅਧਿਆਪਕਾਵਾਂ ਨੂੰ ਇਸ ਖਾਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਜਮਾਤ ਵਿੱਚ ਪੜ੍ਹਾਉਣ ਲਈ ਕਿਹਾ ਅਤੇ ਆਪਸ ਵਿੱਚ ਇੱਕ ਦੂਜੇ ਨੂੰ ਇੱਜ਼ਤ ਦੇ ਭਾਵ ਨੂੰ ਸਿਖਾਉਣ ਨੂੰ ਕਿਹਾ। ਵੱਖੋ ਵੱਖ ਤਰ੍ਹਾਂ ਦੇ ਕੰਮ ਜਿੰਨਾਂ ਨਾਲ ਬੱਚਿਆਂ ਨੂੰ ਫ਼ਾਇਦਾ ਹੋਵੇ ਇਸ ਕਾਰਜਸ਼ਾਲਾ ਵਿੱਚ ਕਰਵਾਏ ਗਏ ਤਾਂ ਜੋ ਇਸ ਨਾਲ ਸਿੱਖਿਆ ਹੋਰ ਵਧੀਆ ਅਤੇ ਦਿਲਚਸਪ ਬਣਾਈ ਜਾਵੇ। ਅਧਿਆਪਕਾਵਾਂ ਨੇ ਬੱਚਿਆਂ ਦੇ ਮਾਨਸਿਕ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਗੱਲਾਂ ਕੀਤੀਆਂ ਅਤੇ ਆ ਰਹੇ ਬਦਲਾਵ ਵਿੱਚ ਮਾਤਾ ਪਿਤਾ ਦੀ ਸੋਚ ਬਾਰੇ ਵੀ ਗੱਲ ਕੀਤੀ। ਸਕੂਲ ਐੱਮ ਡੀ ਸ.ਰਣਪ੍ਰੀਤ ਸਿੰਘ ਰਾਏ ਜੀ ਨੇ ਇਸ ਤਰ੍ਹਾਂ ਦੀ ਕਾਰਜਸ਼ਾਲਾ ਦੇ ਆਯੋਜਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਇਹੋ ਜਿਹੀਆਂ ਕਾਰਜਸ਼ਾਲਾ ਭਵਿੱਖ ਵਿੱਚ ਹੁੰਦੀਆਂ ਰਹਿਣੀਆਂ ਚਾਹੀਦੀਆਂ ਹਨ। ਸਕੂਲ ਦੇ ਪ੍ਰਿੰਸੀਪਲ ਡਾ ਸੰਦੀਪ ਕੁਮਾਰ ਲੱਠ ਜੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਉਹਨਾਂ ਨੇ ਸੀ.ਬੀ.ਐਸ.ਈ. ਦਾ ਇਸ ਲਈ ਧੰਨਵਾਦ ਕੀਤਾ ਕਿ ਇਹੋ ਜਿਹੀ ਕਾਰਜਸ਼ਲਾ ਦੇ ਲਈ ਇਹ ਸਕੂਲ ਚੁਣਿਆ ਹੈ।

## ਡਿੰਪਲ ਵਾਸਨ 'ਆਪ' ਬਲਾਕ ਪ੍ਰਧਾਨ ਨਿਯੁਕਤ, ਵਿਧਾਇਕ ਸਿੱਧੂ ਨੇ ਕੀਤਾ ਸਨਮਾਨ

*ਆਤਮ ਨਗਰ ਵਿਧਾਨ ਸਭਾ ਵਿੱਚ ਜਿੱਤ ਦਿਵਾਉਣ ਵਿੱਚ ਮਹਿਲਾ ਸ਼ਕਤੀ ਦੀ ਵੱਡੀ ਭੂਮਿਕਾ ਰਹੇਗੀ*

**ਦੋਰਾਹਾ/ਲੁਧਿਆਣਾ, 12 ਜੁਲਾਈ (ਲਾਲ ਸਿੰਘ ਮਾਂਗਟ)**- ਲੁਧਿਆਣਾ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਲੁਧਿਆਣਾ ਦੀ ਸਮਾਜਸੇਵੀ 'ਡਿਮਪਲ ਵਾਸਨ' ਜੋ ਕਿ ਨੈਸ਼ਨਲ ਯੂਮਨ ਰਾਈਟਸ ਆਰਗਨਾਈਜੇਸ਼ਨ ਪੰਜਾਬ ਦੀ ਮਹਿਲਾ ਵਿੰਗ ਦੀ ਚੇਅਰਪਰਸਨ ਵੀ ਹਨ, ਆਮ ਆਦਮੀ ਪਾਰਟੀ



ਵਿੱਚ ਸ਼ਾਮਲ ਹੋ ਗਈ। ਲੁਧਿਆਣਾ ਦੇ ਆਤਮ ਨਗਰ ਵਿਧਾਨ ਸਭਾ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਡਿਪਲ ਨੂੰ ਆਪਣੇ ਮੁੱਖ ਦਫ਼ਤਰ ਵਿਖੇ ਪਾਰਟੀ ਵਿੱਚ ਸ਼ਾਮਲ ਕਰਵਾਇਆ। ਸ਼ਾਮਲ ਕਰਵਾਉਂਦੇ ਸਮੇਂ ਹੀ ਵਿਧਾਇਕ ਵਲੋਂ ਉਨ੍ਹਾਂ ਨੂੰ ਹਲਕਾ ਆਤਮ ਨਗਰ ਦੇ ਵਾਰਡ ਨੰਬਰ 41 ਅਤੇ 42 ਤੋਂ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ। ਡਿਪਲ ਵਾਸਨ ਦਾ ਲੁਧਿਆਣਾ ਵਿੱਚ ਔਰਤਾਂ ਵਿੱਚ ਬਹੁਤ ਵਧੀਆ ਅਸਰ ਰਸੂਖ ਮੰਨਿਆ ਜਾਂਦਾ ਹੈ। ਉਹ ਸਮਾਜ ਦੇ ਵੱਖ-ਵੱਖ ਕੰਮਾਂ ਵਿੱਚ ਪੂਰਨ ਸਹਿਯੋਗ ਕਰਦੇ ਹਨ ਅਤੇ ਸਮਾਜਿਕ ਸ਼ਖਸੀਅਤਾਂ ਵਿੱਚ ਵੀ ਉਨ੍ਹਾਂ ਦਾ ਵਧੀਆ ਪ੍ਰਭਾਵ ਹੈ।

ਡਿਪਲ ਦੀ ਨਿਯੁਕਤੀ ਅਤੇ ਸਨਮਾਨ ਸਮੇਂ ਵਿਧਾਇਕ ਸਿੱਧੂ ਨੇ ਦੱਸਿਆ ਕਿ ਡਿਮਪਲ ਵਰਗੀਆਂ ਕਰਮਠ ਔਰਤਾਂ ਦਾ ਰਾਜਨੀਤੀ ਵਿੱਚ ਆਉਣਾ ਅੱਜ ਦੀ ਲੋੜ ਹੈ। ਉਨ੍ਹਾਂ ਦਾ ਪਾਰਟੀ ਵਿੱਚ ਆਉਣਾ ਆਮ ਆਦਮੀ ਪਾਰਟੀ ਨੂੰ ਲੁਧਿਆਣਾ, ਖਾਸ ਕਰਕੇ ਆਤਮ ਨਗਰ ਵਿਧਾਨ ਸਭਾ ਵਿੱਚ ਬਹੁਤ ਪ੍ਰਭਾਵਸ਼ਾਲੀ ਬਣਾਏਗਾ। 2027 ਵਿੱਚ ਆਮ ਆਦਮੀ ਪਾਰਟੀ ਨੂੰ ਆਤਮ ਨਗਰ ਵਿਧਾਨ ਸਭਾ ਵਿੱਚ ਜਿੱਤ ਦਿਵਾਉਣ ਵਿੱਚ ਮਹਿਲਾ ਸ਼ਕਤੀ ਦੀ ਵੱਡੀ ਭੂਮਿਕਾ ਰਹੇਗੀ।

ਨਿਯੁਕਤੀ ਤੋਂ ਬਾਅਦ ਡਿਮਪਲ ਵਾਸਨ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਸ਼ਹਿਰ ਦੇ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਵਾਰਡ ਨੰਬਰ 41 ਅਤੇ 42 ਦੇ ਲੋਕਾਂ ਨਾਲ ਵੀ ਉਨ੍ਹਾਂ ਦਾ ਚੰਗਾ ਤਾਲਮੇਲ ਹੈ। ਉਹ ਮੁੱਖ ਮੰਤਰੀ ਭਗਵੰਤ ਮਾਨ ਜੀ ਦੀਆ ਨੀਤੀਆਂ ਅਤੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੇ ਕਾਰਜ ਖੇਤਰ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੀ ਹੈ। ਮੁੱਖ ਮੰਤਰੀ ਵਲੋਂ ਸੂਬੇ ਲਈ ਕੀਤੇ ਜਾ ਰਹੇ ਵਿਕਾਸ ਕਾਰਜ ਅਤੇ 2027 ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦੇ ਸੰਕਲਪ ਨੂੰ ਲੈ ਕੇ ਉਹ ਅੱਜ ਪਾਰਟੀ ਵਿੱਚ ਸ਼ਾਮਲ ਹੋਈ ਹੈ ਅਤੇ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਏਗੀ।

## ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ 13 ਫੀਸਦੀ ਦਰ ਨਾਲ ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ ਚਾਰ ਕਿਸ਼ਤਾਂ ਜਾਰੀ ਕਰੇ ਕਰਨ ਦੀ ਮੰਗ

**❄ 19 ਜੁਲਾਈ ਨੂੰ ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਸਾਥੀ ਰਣਬੀਰ ਸਿੰਘ ਢਿੱਲੋਂ ਦਾ ਪਹਿਲਾ ਬਰਸੀ ਸਮਾਗਮ ਕੋਟਕਪੂਰਾ ਵਿਖੇ ਮਨਾਉਣ ਦਾ ਫੈਸਲਾ ❄ ਮਾਨ ਸਰਕਾਰ ਝੂਠੀ ਇਸ਼ਤਿਹਾਰਬਾਜ਼ੀ ਕਰਕੇ ਪੰਜਾਬ ਸਿਰ ਦਿਨੋ ਦਿਨ ਕਰਜੇ ਦੀ ਪੰਡ ਹੋਰ ਭਾਰੀ ਕਰ ਰਹੀ ਹੈ : ਚਾਨੀ/ਚਾਵਲਾ**

**ਕੋਟਕਪੂਰਾ, 12 ਜੁਲਾਈ (ਟਿੰਕੂ ਕੁਮਾਰ)** :- ਪੰਜਾਬ ਵਿੱਚ ਪਿਛਲੇ ਸਵਾ ਤਿੰਨ ਸਾਲਾਂ ਤੋਂ ਹੁਕਮਰਾਨ ਭਗਵੰਤ ਮਾਨ ਸਰਕਾਰ ਪੰਜਾਬ ਦੇ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਲੱਖਾਂ ਮੁਲਾਜ਼ਮਾਂ ਅਤੇ ਸੇਵਾਮੁਕਤ ਹੋਏ ਪੈਨਸ਼ਨਰਾਂ ਨੂੰ ਹਰ ਸਾਲ ਮਹੀਨਾ ਜਨਵਰੀ ਅਤੇ ਜੁਲਾਈ ਵਿੱਚ ਦਿੱਤੇ ਜਾਣ ਵਾਲੇ ਮਹਿੰਗਾਈ ਭੱਤੇ ਦੇ ਮਾਮਲੇ ਵਿੱਚ ਕੇਂਦਰ ਸਰਕਾਰ ਅਤੇ ਬਹੁਤ ਸਾਰੇ ਹੋਰ ਰਾਜਾਂ ਨਾਲੋਂ ਬੁਰੀ ਤਰ੍ਹਾਂ ਪਛੜ ਗਈ ਹੈ। ਪੰਜਾਬ ਦੀ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਇਸ ਸਮੇਂ 42 ਫੀਸਦੀ ਮਹਿੰਗਾਈ ਭੱਤਾ ਮਿਲ ਰਿਹਾ ਹੈ, ਜਦਕਿ ਕੇਂਦਰ ਅਤੇ ਬਹੁਤ ਸਾਰੇ ਰਾਜਾਂ ਦੇ ਮੁਲਾਜ਼ਮ ਇਸ ਸਮੇਂ 55 ਫੀਸਦੀ ਮਹਿੰਗਾਈ ਭੱਤਾ ਲੈ ਰਹੇ ਹਨ। ਇਹ ਦੋਸ਼ ਅੱਜ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਜ਼ਿਲ੍ਹਾ ਫਰੀਦਕੋਟ ਦੀ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪੰਜਾਬ ਸਰਕਾਰ ਤੇ ਦੋਸ਼ ਲਗਾਇਆ ਗਿਆ। ਮੀਟਿੰਗ ਨੇ ਇੱਕ ਸ਼ੋਕ ਮਤਾ ਪਾਸ ਕਰਕੇ ਜਥੇਬੰਦੀ ਦੇ ਸੂਬਾਈ ਮੁੱਖ ਸਲਾਹਕਾਰ ਗੁਰਮੇਲ ਸਿੰਘ ਮੈਲਡੇ ਦੇ ਨੌਜਵਾਨ ਪੋਤਰੇ ਪ੍ਰਵੀਨ ਸਿੰਘ, ਅਧਿਆਪਕ ਆਗੂ ਗੁਰਵਿੰਦਰ ਸਿੰਘ ਦੁਆਰੇਆਣਾ ਦੇ ਸਤਿਕਾਰਯੋਗ ਮਾਤਾ ਮਖਤਿਆਰ ਕੌਰ ਅਤੇ ਹੋਰ ਵੱਖ ਵੱਖ ਵਿਅਕਤੀਆਂ ਦੇ ਸਦੀਵੀ ਵਿਛੋੜਾ ਦੇ ਜਾਣ ਦੋ ਮਿੰਟ ਦਾ ਮੌਨ ਧਾਰਨ ਕਰਕੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਪੈਨਸ਼ਨਰ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਅਸ਼ੋਕ ਕੌਸ਼ਲ, ਸੋਮ ਨਾਥ ਅਰੋੜਾ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਪ੍ਰਿੰਸੀਪਲ ਬਲਵੀਰ ਸਿੰਘ ਬਰਾੜ, ਗੁਰਚਰਨ ਸਿੰਘ ਮਾਨ ਅਤੇ ਮੁਖਤਿਆਰ ਸਿੰਘ ਮੱਤਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਆਪਣੇ ਰਾਜਨੀਤਿਕ ਮਨੋਰਥਾਂ ਦੀ ਪੂਰਤੀ ਕਰਨ ਲਈ ਲਗਾਤਾਰ ਝੂਠੀ ਇਸ਼ਤਿਹਾਰਬਾਜ਼ੀ ਅਤੇ ਕਈ ਕਿਸਮ ਦੇ ਹੋਰ ਨਜਾਇਜ਼ ਖਰਚੇ ਕਰਕੇ ਪੰਜਾਬ ਸਿਰ ਦਿਨੋ ਦਿਨ ਕਰਜੇ ਦੀ ਪੰਡ ਹੋਰ ਭਾਰੀ ਕੀਤੀ ਜਾ ਰਹੀ ਹੈ ਅਤੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਲੋਕਾਂ ਨਾਲ ਕੀਤੇ ਗਏ ਬਹੁਤ ਸਾਰੇ ਵਾਅਦਿਆਂ ਤੋਂ ਸਰਕਾਰ ਸ਼ਰੇਆਮ ਮੁੱਕਰਦੀ ਨਜ਼ਰ ਆ ਰਹੀ ਹੈ, ਜਿਨ੍ਹਾਂ ਵਿੱਚ ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ ਅਤੇ 18 ਸਾਲ ਤੋਂ ਵੱਧ ਉਮਰ ਵਾਲੀਆਂ ਲੜਕੀਆਂ ਤੇ ਔਰਤਾਂ ਨੂੰ 1000 ਰੁਪਏ ਮਹੀਨਾ ਅਦਾ ਕਰਨੇ ਆਦਿ ਮੁੱਖ ਤੌਰ 'ਤੇ ਸ਼ਾਮਿਲ ਹਨ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ 19 ਜੁਲਾਈ ਦਿਨ ਸ਼ਨੀਵਾਰ ਨੂੰ ਸਵੇਰੇ ਠੀਕ 10:00 ਵਜੇ ਸ਼ਹੀਦ ਭਗਤ ਸਿੰਘ ਪਾਰਕ ਕੋਟਕਪੂਰਾ ਵਿਖੇ ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਸਾਥੀ ਰਣਬੀਰ ਸਿੰਘ ਢਿੱਲੋ ਦਾ ਪਹਿਲਾ ਬਰਸੀ ਸਮਾਗਮ ਕੀਤਾ ਜਾਵੇਗਾ। ਸਮਾਗਮ ਦੌਰਾਨ ਸਾਥੀ ਰਣਬੀਰ ਸਿੰਘ ਢਿੱਲੋਂ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਕੀਤੀਆਂ ਗਈਆਂ ਅਨੇਕਾਂ ਪ੍ਰਾਪਤੀਆਂ ਨੂੰ ਯਾਦ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਜਸਵਿੰਦਰ ਸਿੰਘ ਬਰਾੜ, ਕੇਵਲ ਸਿੰਘ ਲੰਭਵਾਲੀ, ਪਰਮਿੰਦਰ ਸਿੰਘ ਜਟਾਣਾ, ਮੇਜਰ ਸਿੰਘ ਡੀ ਪੀ ਈ, ਜੋਗਿੰਦਰ ਸਿੰਘ ਛਾਬੜਾ, ਰਮੇਸ਼ਵਰ ਸਿੰਘ ਸੁਪਰਡੈਂਟ, ਸੁਰਿੰਦਰ ਕੁਮਾਰ ਮੁੰਜਾਲ ਸੁਪਰਡੈਂਟ, ਗੁਰਕੀਰਤ ਸਿੰਘ, ਹਰਦੀਪ ਸਿੰਘ ਫਿੱਡੂ ਭਲਵਾਨ, ਗ਼ੇਜ਼ ਰਾਮ ਭੌਰਾ, ਗੁਰਨੇਕ ਸਿੰਘ ਜਟਾਣਾ ਮਦਨ ਲਾਲ ਸ਼ਰਮਾ ਸੰਧਵਾਂ, ਹਰਦੀਪ ਸਿੰਘ ਲੈਕਚਰਾਰ, ਹਰਭਜਨ ਸਿੰਘ ਬਾਜਾਖਾਨਾ, ਮੇਜਰ ਸਿੰਘ ਪੀ ਟੀ ਆਈ, ਸੁਖਦਰਸ਼ਨ ਸਿੰਘ ਗਿੱਲ, ਹਾਕਮ ਸਿੰਘ ਡੀ ਪੀ ਈ, ਮੰਦਰ ਸਿੰਘ, ਤਾਰਾ ਸਿੰਘ ਪ੍ਰੇਮੀ, ਗੁਰਦੀਪ ਭੋਲਾ ਪੀ ਆਰ ਟੀ ਸੀ, ਪੂਰਨ ਸਿੰਘ ਸੰਧਵਾਂ ਅਤੇ ਕੀਰਤਨ ਸਿੰਘ ਪੀ.ਟੀ.ਆਈ. ਆਦਿ ਵੀ ਹਾਜ਼ਰ ਸਨ।



## ਗੁਰੂਕੁਲ ਸਕੂਲ ਦੇ ਵਿਦਿਆਰਥੀਆਂ ਲਈ 'ਡਾਇਨਿੰਗ ਐਟੀਕੇਟਸ' ਨੂੰ ਪੇਸ਼ ਕਰਦਾ ਸੈਮੀਨਾਰ ਦਾ ਆਯੋਜਨ







**ਕੋਟਕਪੂਰਾ, 12 ਜੁਲਾਈ (ਟਿੰਕੂ ਕੁਮਾਰ)** :- ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਐੱਸ.ਬੀ.ਆਰ.ਐੱਸ. ਗੁਰੂਕੁਲ ਸਕੂਲ ਵਿਖੇ ਵਿਦਿਆਰਥੀਆਂ ਦੇ ਵਿਅਕਤੀਗਤ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ੇਸ਼ ਇੱਕ ਦਿਨਾ ਸੈਮੀਨਾਰ 'ਡਾਈਨਿੰਗ ਐਟੀਕੇਟਸ' ਦਾ ਆਯੋਜਨ ਕੀਤਾ ਗਿਆ। ਜਿਸ ਦੀ ਅਗਵਾਈ ਦਿਸ਼ਾ ਕਰੀਅਰ ਗਾਈਡੈਂਸ ਐਂਡ ਕੌਂਸਲਿੰਗ ਪ੍ਰੋਗਰਾਮ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਅਸਿਸਟੈਂਟ ਪ੍ਰੋਫੈਸਰ ਅਭਿਨਯ ਸ਼ਰਮਾ ਵਲੋਂ ਕੀਤੀ ਗਈ। ਜਿੱਥੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭੋਜਨ ਸਮੇਂ ਸਹੀ ਤਰੀਕਿਆਂ, ਟੇਬਲ ਮੈਨਰਜ਼ ਅਤੇ ਆਧੁਨਿਕ ਸਮਾਜ ਵਿੱਚ ਐਟੀਕੇਟਸ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਉੱਥੇ ਹੀ ਅਜੋਕੇ ਸਮੇਂ ਵਿੱਚ ਹੋਟਲ ਮੈਨੇਜਮੈਂਟ ਫੀਲਡ ਸਬੰਧੀ ਵੱਖ ਵੱਖ ਖੇਤਰਾਂ ਬਾਰੇ ਜਾਣਕਾਰੀ ਵੀ ਦਿੱਤੀ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਵਿਅਕਤੀਗਤ ਜੀਵਨ ਵਿੱਚ ਸਾਂਝੇ ਪੱਧਰ 'ਤੇ ਐਟੀਕੇਟਸ ਦੀ ਭੂਮਿਕਾ ਨੂੰ ਸਮਝਿਆ। ਅਭੀਨਯ ਸ਼ਰਮਾ ਵੱਲੋਂ ਵਿਸ਼ੇ ਨਾਲ ਸੰਬੰਧਿਤ ਸੈਮੀਨਾਰ ਵਿੱਚ ਡਾਇਨਿੰਗ ਟੇਬਲ ਦੀ ਸਹੀ ਵਰਤੋਂ ਸਬੰਧੀ ਡੈਮੋ ਦੇ ਕੇ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਵੱਲੋਂ ਸੰਪੂਰਨ ਤੌਰ 'ਤੇ ਭਾਗੀਦਾਰੀ ਦਿਖਾਈ ਗਈ। ਇਸ ਮੌਕੇ ਸਕੂਲ ਮੁਖੀ ਪ੍ਰਿੰਸੀਪਲ ਨਸੀਮ ਬਾਨੋ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਜਿੱਥੇ ਵਿਦਿਆਰਥੀ ਜੀਵਨ ਵਿੱਚ ਚੰਗੇ ਸੰਸਕਾਰਾਂ ਦੀ ਮਹੱਤਤਾ ਬਾਰੇ ਗੱਲ ਸਾਂਝੀ ਕੀਤੀ ਉੱਥੇ ਹੀ ਉਹਨਾਂ ਵੱਲੋਂ ਆਈ ਹੋਈ ਟੀਮ ਦਾ ਧੰਨਵਾਦ ਵੀ ਕੀਤਾ ਗਿਆ। ਪ੍ਰਿੰਸੀਪਲ ਨਸੀਮ ਬਾਨੋ ਜੀ ਨੇ ਕਿਹਾ ਕਿ ਇਹ ਸੈਮੀਨਾਰ ਵਿਦਿਆਰਥੀਆਂ ਲਈ ਬਹੁਤ ਹੀ ਲਾਭਕਾਰੀ ਸਾਬਤ ਹੋਇਆ ਜੋ ਉਨ੍ਹਾਂ ਦੇ ਆਚਰਨ ਅਤੇ ਵਿਵਹਾਰ ਵਿੱਚ ਨਿਰਣਾਇਕ ਭੂਮਿਕਾ ਨਿਭਾਵੇਗਾ।

## ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਵਰਤੀ ਗਈ ਗੈਰ-ਸੰਸਦੀ ਭਾਸ਼ਾ ਲਈ ਮੰਗਣੀ ਚਾਹੀਦੀ ਹੈ ਮੁਆਫ਼ੀ - ਕੈਂਥ

**ਪਟਿਆਲਾ, 12 ਜੁਲਾਈ (ਅਮਨ ਸਿੱਧੂ ਮੱਲੇਵਾਲ)** : ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਕੀਤੀ ਗਈ ਟਿੱਪਣੀ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਗੈਰ-ਸੰਸਦੀ ਭਾਸ਼ਾ ਦੀ ਵਰਤੋਂ ਕਰ ਰਹੇ ਹਨ ਜੋ ਮੁੱਖ ਮੰਤਰੀ ਅਹੁਦੇ ਦੀ ਸ਼ਾਨ ਨੂੰ ਠੇਸ ਪਹੁੰਚਾ ਰਹੀ ਹੈ ਅਤੇ ਉਹ ਇੱਕ ਬੇਰੋਕ ਖੇਡ ਖੇਡ ਰਹੇ ਹਨ ਅਤੇ ਭਾਰਤੀ ਸਭਿਅਤਾ ਦੇ ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਮਾਨ ਨੂੰ ਆਪਣੀ ਅਸਭਿਅਕ ਭਾਸ਼ਾ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਭਾਜਪਾ ਆਗੂ ਕੈਂਥ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਸਭਿਅਕ ਭਾਸ਼ਾ ਦੀ ਵਰਤੋਂ ਕਰਕੇ ਕੀ ਸਾਬਤ ਕਰਨਾ ਚਾਹੁੰਦੇ ਹਨ? ਆਮ ਆਦਮੀ ਪਾਰਟੀ ਨੇ ਹਮੇਸ਼ਾ ਅਰਾਜਕਤਾ ਅਤੇ ਵਿਵਸਥਾ ਵਿਰੁੱਧ ਬੋਲ ਕੇ ਅਤੇ ਦੂਜਿਆਂ ਨੂੰ ਦੋਸ਼ ਦੇ ਕੇ ਅਤੇ ਉਨ੍ਹਾਂ ਵਿੱਚ ਨੁਕਸ ਲੱਭ ਕੇ ਸੱਤਾ ਹਾਸਲ ਕਰਨ ਲਈ ਸਸਤੇ ਹੱਥਕੰਡੇ ਅਪਣਾਏ ਹਨ, ਅੱਜ ਵੀ ਉਹ ਉਸੇ ਰਸਤੇ 'ਤੇ ਚੱਲ ਰਹੇ ਹਨ, ਜੋ ਭਾਰਤੀ ਲੋਕਤੰਤਰ ਦੀਆਂ ਪਰੰਪਰਾਵਾਂ ਦੇ ਵਿਰੁੱਧ ਹਨ। ਇਸ ਨਾਲ ਸਮਾਜ ਵਿੱਚ ਅਸ਼ਾਂਤੀ ਫੈਲਦੀ ਹੈ, ਜਿਸ ਨਾਲ ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਵੇਲੇ ਪੰਜਾਬ ਵਿੱਚ ਜਾਨੀ ਨੁਕਸਾਨ ਅਤੇ ਕਾਨੂੰਨ ਵਿਵਸਥਾ ਦੀ ਸਮੱਸਿਆ ਬਹੁਤ ਗੰਭੀਰ ਹੋ ਗਈ ਹੈ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਨੂੰ ਕਾਬੂ ਕਰਨ ਵਿੱਚ ਅਸਫਲ ਰਹੀ ਹੈ। ਦਿਨ-ਦਿਹਾੜੇ ਕਤਲ, ਲੁੱਟ-ਖਸੁੱਟ, ਧਮਕੀਆਂ, ਜਬਰੀ ਵਸੂਲੀ ਅਤੇ ਹਮਲੇ ਆਮ ਹੋ ਗਏ ਹਨ। ਭਾਜਪਾ ਆਗੂ ਪਰਮਜੀਤ ਸਿੰਘ ਕੈਂਥ ਨੇ ਕਿਹਾ ਹੈ ਕਿ ਮੁੱਖ ਮੰਤਰੀ ਮਾਨ ਨੂੰ ਅਜਿਹੀ ਅਸਭਿਅਕ ਭਾਸ਼ਾ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਸੀ, ਜਿਸ ਨਾਲ ਕੇਂਦਰ ਅਤੇ ਸੂਬੇ ਦੇ ਸਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਮਤਭੇਦ ਪੈਦਾ ਹੋ ਸਕੇ ਅਤੇ ਪੰਜਾਬ ਦੇ ਸਬੰਧਾਂ ਵਿੱਚ ਕੁੜੱਤਣ ਪੈਦਾ ਹੋ ਸਕਦੀ ਹੈ।



## ਦਿੱਲੀ ਦੀ ਸ਼ਹਿ 'ਤੇ ਪੰਜਾਬ ਨੂੰ ਦੀਵਾਲੀਆ ਕਰਨ ਲੱਗਿਆ ਮੁੱਖ ਮੰਤਰੀ-ਗਿਆਨੀ ਨਿਰਭੈ ਸਿੰਘ



**ਮਹਿਲ ਕਲਾਂ, 12 ਜੁਲਾਈ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)**- ਪੰਜਾਬ ਸਰਕਾਰ ਵਲੋਂ ਲੈਂਡ ਪੂਲਿੰਗ ਸਕੀਮ ਅਧੀਨ 85000 ਏਕੜ ਖੇਤੀਬਾੜੀ ਵਾਲੀ ਜ਼ਮੀਨ ਨੂੰ ਐਕਵਾਇਰ ਕਰ ਕੇ ਕਾਰਪੋਰੇਟ ਘਰਾਨਿਆਂ ਦੇ ਹਵਾਲੇ ਕਰਨ ਦੇ ਮਾਮਲੇ ਨਾਲ 'ਆਪ' ਸਰਕਾਰ ਦਾ ਕਿਸਾਨ ਵਿਰੋਧੀ ਚਿਹਰਾ ਪੂਰੀ ਤਰ੍ਹਾਂ ਨੰਗਾ ਹੋ ਗਿਆ ਹੈ। ਹੁਣ ਇਸ ਦਾ ਖ਼ਮਿਆਜ਼ਾ 'ਆਪ' ਸਰਕਾਰ ਨੂੰ ਭੁਗਤਣਾ ਪਵੇਗਾ ਤੇ ਪੂਰੇ ਦੇਸ਼ ਵਿਚੋਂ 'ਆ ਗਾਇਆ ਇਕ ਨਾ ਇਕ ਦਿਨ ਜ਼ਰੂਰ ਹੋਵੇਗਾ। ਇਨ੍ਹਾਂ ਸ਼ਬਦਾਂ ਦਾ ਰੂਪ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗਿਆਨੀ ਨਿਰਭੈ ਸਿੰਘ ਛੀਨੀਵਾਲ ਕਲਾਂ, ਨੇ ਬਲਾਕ ਦਫ਼ਤਰ ਮਹਿਲ ਕਲਾਂ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇੰਚਾਂ ਵਿਚ ਵਿਕਣ ਵਾਲੀ ਜ਼ਮੀਨ ਨੂੰ ਜਬਰੀ ਕਿਸਾਨਾਂ ਤੋਂ ਬੋਹ ਕੇ ਪੰਜਾਬ ਸਰਕਾਰ ਵਲੋਂ ਕਾਰਪੋਰੇਟ ਲੋਕਾਂ ਦੇ ਹਵਾਲੇ ਕਰਨ ਦੀ ਚਾਲ ਸਰਕਾਰ ਨੂੰ ਹੁਣ ਚੱਲਣ ਨਹੀਂ ਦਿੱਤੀ ਜਾਵੇਗੀ ਤੇ ਲੈਂਡ ਪੁਲਿੰਗ ਸਕੀਮ ਦੇ ਖ਼ਿਲਾਫ਼ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਵਲੋਂ 18 ਜੁਲਾਈ ਨੂੰ ਸਮੂਹ ਜਥੇਬੰਦੀ ਮੀਟਿੰਗ ਮੁੱਲਾਂਪੁਰ ਵਿਚ, 30 ਜੁਲਾਈ ਨੂੰ ਪੂਰੇ ਪੰਜਾਬ ਵਿਚ ਟਰੈਕਟਰ ਮਾਰਚ ਕਰ ਕੇ, 22 ਅਗਸਤ ਨੂੰ ਮੁੜ ਮੁੱਲਾਂਪੁਰ ਵਿਖੇ ਸੂਬਾ ਪੱਧਰੀ ਮੀਟਿੰਗ ਸੱਦੀ ਜਾਵੇਗਾ। ਪ੍ਰਧਾਨ ਨਿਰਭੈ ਸਿੰਘ ਛੀਨੀਵਾਲ ਕਲਾਂ ਨੇ ਕਿਹਾ ਕਿ ਜਿਸ ਤਰ੍ਹਾਂ ਮੁੱਖ ਮੰਤਰੀ ਪੰਜਾਬ ਦਿੱਲੀ ਦੀ ਸ਼ਹਿ 'ਤੇ ਪੰਜਾਬ ਨੂੰ ਦਵਾਲੀਆ ਕਰਨ ਵਿਚ ਲੱਗਿਆ ਹੈ, ਦੇਸ਼ ਦੀ ਵੰਡ ਤੋਂ ਬਾਅਦ ਅੱਜ ਤੱਕ ਦੇ ਇਤਿਹਾਸ ਵਿਚ ਕਿਸਾਨਾਂ ਨਾਲ ਅਜਿਹਾ ਵਰਤਾਰਾ ਕਿਸੇ ਵੀ ਸਰਕਾਰ ਜਾਂ ਮੁੱਖ ਮੰਤਰੀ ਵਲੋਂ ਨਹੀਂ ਕੀਤਾ ਗਿਆ ਜੋ 'ਆਪ' ਸਰਕਾਰ ਵਲੋਂ ਕੀਤਾ ਗਿਆ। ਇਸ ਮੌਕੇ ਸਰਪੰਚ ਨਿਰਭੈ ਸਿੰਘ ਢੀਂਡਸਾ, ਕੁਲਵੰਤ ਸਿੰਘ, ਮੰਦਰ ਸਿੰਘ, ਜਸਵੀਰ ਸਿੰਘ ਸਹਿਜੜਾ,ਇਕਬਾਲ ਸਿੰਘ ਆਦਿ ਤੋਂ ਇਲਾਵਾ ਹੋਰ ਵੀ ਆਗੂ ਹਾਜ਼ਰ ਸਨ।

## ਮਾਂ ਚਿੰਤਪੂਰਨੀ, ਜਵਾਲਾ ਜੀ, ਕਾਂਗੜਾ ਸਮੇਤ ਹੋਰ ਧਾਮਾਂ ਦੇ ਦਰਸ਼ਨਾਂ ਲਈ ਯਾਤਰਾ ਰਵਾਨਾ



**ਸ਼੍ਰੀ ਮੁਕਤਸਰ ਸਾਹਿਬ, 12 ਜੁਲਾਈ (ਮਾਲਵਾ ਬਾਣੀ)** 365 ਦਿਨ ਜਲ ਸੇਵਾ, ਮੌੜ ਰੋਡ ਸ੍ਰੀ ਮੁਕਤਸਰ ਸਾਹਿਬ ਵੱਲੋਂ ਮਾਂ ਚਿੰਤਪੁਰਨੀ, ਜਵਾਲਾ ਜੀ, ਕਾਂਗੜਾ ਜੀ, ਮਾਂ ਲਾਟਾਂ ਵਾਲੀ, ਮਾਂ ਬਗਲਾਮੁਖੀ ਸਮੇਤ ਹੋਰ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਮਾਲ ਗੋਦਾਮ ਰੋਡ ਨੇੜਿਓ ਬਸ ਯਾਤਰਾ ਧੂੰਮਧਾਮ ਨਾਲ ਰਵਾਨਾ ਹੋਈ। ਇਸ ਮੌਕੇ ਅਸਮਾਨ ਮਾਂ ਚਿੰਤਪੁਰਨੀ ਜੀ, ਜਵਾਲਾ ਜੀ, ਮਾਂ ਬਗਲਾਮੁਖੀ, ਕਾਂਗੜਾ ਦੇਵੀ ਦੇ ਜੈਕਾਰਿਆਂ ਨਾਲ ਗੂੰਜ ਉਠਿਆ। ਸਮਾਜ ਸੇਵਕ ਰਾਜਵੀਰ ਦੀ ਅਗਵਾਈ ਚ ਗਈ ਇਸ ਬਸ ਚ ਵੱਡੀ ਗਿਣਤੀ ਚ ਸ਼ਰਧਾਲੂ ਤੀਰਥ ਧਾਮਾਂ ਦੇ ਦਰਸ਼ਨਾਂ ਤੇ ਗਏ ਨੇ। ਬਸ ਰਵਾਨਾ ਹੋਣ ਤੋਂ ਪਹਿਲਾਂ ਪੂਜਨ ਹੋਇਆ। ਜਿਸ ਚ ਵਰਿੰਦਰ ਕਾਠਪਾਲ, ਕਾਂਗਰਸੀ ਆਗੂ ਹਰਚਰਨ ਸਿੰਘ ਸੋਥਾ ਬਰਾੜ ਨੇ ਬਤੌਰ ਮੁੱਖ ਯਜਮਾਨ ਪੂਜਨ ਕਰਵਾਇਆ। ਇਸ ਮੌਕੇ ਰਮੇਸ਼ ਬਾਘਲਾ, ਮਹਿੰਦਰ ਸਿਡਾਣਾ, ਅਵੀ ਖੇੜਾ, ਕੁਲਦੀਪ ਗੁੰਬਰ, ਸੁਸ਼ੀਲ ਹਾਂਡਾ, ਰਾਜਕੁਮਾਰ ਗੋਇਲ, ਵਿਜੇ ਕੁਮਾਰ ਗੋਇਲ, ਮੋਨੂੰ ਗੁਪਤਾ, ਇਸਾਨ ਕਾਲੜਾ, ਵਰੁਣ ਕਟਾਰੀਆ, ਰਮਨ ਗਿਰਧਰ, ਡਾਕਟਰ ਸੁਰਿੰਦਰ ਕੁਮਾਰ ਨਿੱਕਾ, ਪੱਪੀ ਗੁੰਬਰ, ਸ਼ੇਰੂ, ਵਿਸ਼ਾਲ ਕੁਮਾਰ ਵਿਸ਼ੂ, ਬਿੱਟੂ, ਸੋਨੂੰ, ਜੱਸੀ, ਮੋਨੂੰ, ਰੋਬਿਨ ਆਦਿ ਹਾਜ਼ਰ ਸਨ।

## ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ 54ਵੀਂ ਬੱਸ ਰਵਾਨਾ

**ਗਿੱਦੜਬਾਹਾ, 12 ਜੁਲਾਈ (ਕੁਲਭੂਸ਼ਨ ਗਰਗ)** – ਗਿੱਦੜਬਾਹਾ ਦੀ ਧਾਰਮਿਕ ਸੰਸਥਾ ਜੈ ਮਾਤਾ ਚਿੰਤਪੁਰਣੀ, ਜੈ ਮਾਂ ਜਵਾਲਾ ਜੀ ਬੱਸ ਸੇਵਾ ਸੰਘ ਗਿੱਦੜਬਾਹਾ ਵੱਲੋਂ ਹਰ ਵਾਰ ਦੀ ਤਰਾਂ ਇਸ ਵਾਰ ਵੀ 54ਵੀਂ ਬੱਸ ਨੂੰ ਮਾਤਾ ਚਿੰਤਪੁਰਣੀ ਅਤੇ ਡੇਰਾ ਨਕੋਦਰ ਦੇ ਦਰਸ਼ਨਾਂ ਲਈ ਸੰਸਥਾ ਦੇ ਪ੍ਰਧਾਨ ਡਾ. ਅਨਿਲ ਗਰਗ ਦੀ ਅਗਵਾਈ ਵਿਚ ਰਵਾਨਾ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਅਨਿਲ ਗਰਗ ਨੇ ਦੱਸਿਆ ਕਿ ਬੱਸ ਨੂੰ ਗਿੱਦੜਬਾਹਾ ਦੇ ਪ੍ਰਸੀਧ ਡਾ. ਭਾਰਤਦੀਪ ਗਰਗ ਅਤੇ ਉਨਾਂ ਦੇ ਸਪੁੱਤਰ ਸ਼ਹਿਰਾਨ ਗਰਗ ਅਤੇ ਮੰਜੂ ਗਰਗ ਵਲੋਂ ਸਥਾਨਕ ਡੇਰਾ ਬਾਬਾ ਗੰਗਾ ਰਾਮ ਜੀ ਤੋਂ ਹਰੀ ਝੰਡੀ ਵਿਖਾ ਕੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ। ਉਨਾਂ ਨੇ ਦੱਸਿਆ ਕਿ ਉਕਤ ਬੱਸ ਵਿਚ ਲਗਭਗ 55 ਸ਼ਰਧਾਲੂਆਂ ਦਾ ਜੱਥਾ ਧਾਰਮਿਕ ਸਥਾਨਾਂ ਦੇ ਦਰਸ਼ਨਾ ਲਈ ਰਵਾਨਾ ਹੋਇਆ। ਉਨਾਂ ਨੇ ਦੱਸਿਆ ਕਿ ਵਾਪਸੀ ਸਮੇਂ ਸ਼ਰਧਾਲੂਆਂ ਨੂੰ ਡੇਰਾ ਨਕੋਦਰ ਦੇ ਦਰਸ਼ਨ ਕਰਵਾਏ ਜਾਣਗੇ ਅਤੇ ਸ਼ਾਮ ਸਮੇਂ ਮੋਗਾ ਵਿਖੇ ਸਥਿਤ ਚਿੰਤਪੁਰਣੀ ਮੰਦਿਰ ਵਿਖੇ ਸ਼ਰਧਾਲੂਆਂ ਦੇ ਲਈ ਬ੍ਰੈਡ, ਪਕੋੜੇ ਅਤੇ ਚਾਹ ਦਾ ਲੰਗਰ ਦਾ ਪ੍ਰਬੰਧ ਕੀਤਾ ਜਾਵੇਗਾ। ਉਨਾਂ ਨੇ ਦੱਸਿਆ ਕਿ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਗਏ ਸ਼ਰਧਾਲੂਆਂ ਲਈ ਸੰਸਥਾ ਵਲੋਂ ਰਹਿਣ ਅਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। ਇਸ ਮੌਕੇ ਕਪਿਲ ਗੋਇਲ, ਚਰਨਜੀਤ ਲਾਲਬਾਈ, ਅੰਕੁਸ਼ ਗਰਗ, ਛਿੰਦਾ ਗਰਗ, ਰਾਹੀ ਟੇਲਰ, ਗੁਰਮੇਲ ਸਿੰਘ ਅਤੇ ਰਾਣਾ ਐਂਬੂਲੈਂਸ ਆਦਿ ਹਾਜਰ ਸਨ।




## ਅਕਾਲੀ ਆਗੂਆਂ ਨੇ ਮੈਂਬਰਸ਼ਿਪ ਭਰਤੀ ਦੀਆਂ ਕਾਪੀਆਂ ਮਨਪ੍ਰੀਤ ਇਯਾਲੀ ਨੂੰ ਸੌਂਪੀਆਂ

### ਸਹਿਯੋਗ ਦੇਣ ਵਾਲੇ ਸਾਰੇ ਹੀ ਸੱਜਣਾਂ ਦਾ ਧੰਨਵਾਦ-ਇਯਾਲੀ

**ਮਾਛੀਵਾੜਾ ਸਾਹਿਬ 12 ਜੁਲਾਈ (ਮਾਸਟਰ ਸਤੀਸ਼ ਕੁਮਾਰ)** ਦੋ ਦਸੰਬਰ 2024 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਸਾਹਿਬ ਦੀ ਫਸੀਲ ਤੋਂ ਜਾਰੀ ਕੀਤੇ ਹੁਕਮਾਂ ਉੱਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਚਾਉਣ ਦੇ ਲਈ ਜੋ ਪੰਜ ਮੈਂਬਰੀ ਕਮੇਟੀ ਬਣੀ ਸੀ ਉਸ ਵੱਲੋਂ ਸ਼ੁਰੂ ਕੀਤੀ ਭਰਤੀ ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਸਮਰਾਲਾ ਅਤੇ ਮਾਛੀਵਾੜਾ ਦੇ ਵਿੱਚ ਜੋ ਮੀਟਿੰਗ ਪੰਜ ਮੈਂਬਰੀ ਕਮੇਟੀ ਦੀ ਇਲਾਕੇ ਦੇ ਲੋਕਾਂ ਨਾਲ ਹੋਈ ਸੀ ਉਸ ਤੋਂ ਬਾਅਦ ਮਾਛੀਵਾੜਾ ਸਮਰਾਲਾ ਦੇ ਵਿੱਚ ਵੀ ਭਰਤੀ ਚੱਲੀ ਇਸ ਭਰਤੀ ਹੋਣ ਤੋਂ ਬਾਅਦ ਜੋ ਕਾਪੀਆਂ ਆਦਿ ਰਿਕਾਰਡ ਸੀ ਉਸ ਨੂੰ ਅੱਜ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਆਲੀ ਨੂੰ ਸੌਂਪੀਆਂ ਗਈਆਂ। ਵਿਧਾਨ ਸਭਾ ਹਲਕਾ ਸਮਰਾਲਾ ਮਾਛੀਵਾੜਾ ਦੋਵਾਂ ਇਲਾਕਿਆਂ ਤੋਂ ਹੀ ਵੱਡੀ ਗਿਣਤੀ ਦੇ ਵਿੱਚ ਅਕਾਲੀ ਵਰਕਰ ਮਨਪ੍ਰੀਤ ਸਿੰਘ ਇਆਲੀ ਦੇ ਗ੍ਰਹਿ ਲੁਧਿਆਣਾ ਵਿਖੇ ਪੁੱਜੇ ਤੇ ਉੱਥੇ ਉਹਨਾਂ ਨੂੰ ਭਰਤੀ ਸਬੰਧੀ ਜੋ ਕਾਪੀਆਂ ਸਨ ਉਹ ਸੌਂਪੀਆਂ ਗਈਆਂ। ਇਸ ਸਬੰਧੀ ਗੱਲਬਾਤ ਕਰਦਿਆਂ ਮਨਪ੍ਰੀਤ ਸਿੰਘ ਇਆਲੀ ਨੇ ਇਕੱਤਰ ਹੋਏ ਲੋਕਾਂ ਦੇ ਨਾਲ ਵਿਚਾਰਾਂ ਕਰਦਿਆਂ ਕਿਹਾ ਸਾਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜੋ ਹੁਕਮ ਹੋਇਆ ਸੀ ਅਸੀਂ ਉਹਨਾਂ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆਂ ਲੋਕਾਂ ਦੇ ਵਿੱਚ ਗਏ ਤੇ ਲੋਕਾਂ ਨੇ ਵੱਡਾ ਹੁੰਗਾਰਾ ਦਿੱਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਜੀਵਤ ਰੱਖਣ ਦੇ ਲਈ ਸਾਨੂੰ ਕੋਈ ਵੀ ਕੁਰਬਾਨੀ ਕਰਨੀ ਪਈ ਅਸੀਂ ਉਹ ਕੁਰਬਾਨੀ ਕਰਾਂਗੇ। ਉਹਨਾਂ ਕਿਹਾ ਕਿ ਸਮੁੱਚੇ ਪੰਜਾਬ ਦੇ ਵਾਂਗ ਵਿਧਾਨ ਸਭਾ ਹਲਕਾ ਸਮਰਾਲਾ ਤੇ ਇਤਿਹਾਸਿਕ ਨਗਰੀ ਮਾਛੀਵਾੜਾ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਇਸ ਭਰਤੀ ਮੁਹਿੰਮ ਵਿੱਚ ਸ਼ਾਮਿਲ ਹੋ ਕੇ ਸ੍ਰੀ ਅਕਾਲ ਤਖਤ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਅਕਾਲੀ ਦਲ ਦੀ ਕਾਮਯਾਬੀ ਲਈ ਜੋ ਸਹਿਯੋਗ ਦਿੱਤਾ ਹੈ ਅਸੀਂ ਇਹਨਾਂ ਦਾ ਧੰਨਵਾਦ ਕਰਦੇ ਹਾਂ। ਇਸ ਮੌਕੇ ਮਾਛੀਵਾੜਾ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਮੁੱਖ ਆਗੂ ਤੇ ਸਾਬਕਾ ਪ੍ਰਧਾਨ ਉਜਾਗਰ ਸਿੰਘ ਬੈਨੀਪਾਲ ਦੀ ਅਗਵਾਈ ਦੇ ਵਿੱਚ ਰੁਪਿੰਦਰ ਸਿੰਘ 'ਰੂਬੀ' ਬੈਨੀਪਾਲ, ਬਰਜਿੰਦਰ ਸਿੰਘ ਬਬਲੂ ਲੋਪੋਂ , ਸੁਰਜੀਤ ਸਿੰਘ ਮਾਂਗਟ , ਬਾਬਾ ਗੁਰਨਾਮ ਸਿੰਘ ਖਾਲਸਾ ਧਨੂੰਰ, ਜੱਥੇਦਾਰ ਕੇਵਲ ਸਿੰਘ ਕੱਦੋਂ, ਜਸਦੇਵ ਸਿੰਘ ਖਹਿਰਾ , ਮਨਮੋਹਨ ਸਿੰਘ ਖੇੜਾ, ਹਰਦੀਪ ਸਿੰਘ ਭੱਟੀਆਂ, ਲੱਕੀ, ਜੱਸਾ ਬੈਨੀਪਾਲ , ਸਾਬਕਾ ਸਰਪੰਚ ਅਜੀਤ ਸਿੰਘ ਰਾਮਗੜ੍ਹ , ਹਰਪਾਲ ਸਿੰਘ ਸਾਬਕਾ ਸਰਪੰਚ, ਦਲੇਰ ਸਿੰਘ ਸਿਕੰਦਰਪੁਰ, ਗੁਰਚਰਨ ਸਿੰਘ ਮੰਡ ਸ਼ੇਰੀਆਂ, ਮਨਜੀਤ ਸਿੰਘ ਸਰਪੰਚ ਇਰਾਕ , ਅਭੀ ਬੈਨੀਪਾਲ, ਮਨਰਾਜ ਸਿੰਘ ਲੁਬਾਣਗੜ੍ਹ , ਗੁਰਮੁਖ ਸਿੰਘ ਮੁਸਾਫਰ ਸ਼ੇਰਪੁਰ ਬੇਟ , ਕਿਰਪਾਲ ਸਿੰਘ ਝੜੌਦੀ , ਕਮਲਦੀਪ ਸਿੰਘ , ਸੁਰਿੰਦਰ ਸਿੰਘ , ਭਜਨ ਸਿੰਘ ਸੈਕਟਰੀ ਟਾਂਡਾ ਕੁਸਲ ਸਿੰਘ, ਮਹਿੰਦਰ ਸਿੰਘ ਸਾਬਕਾ ਸਰਪੰਚ ਧਨੂੰਰ ਮਨਮੋਹਨ ਸਿੰਘ ਚੱਕੀ, ਜਸਵੀਰ ਸਿੰਘ ਅਲਬੇਲਾ ਤੇ ਹੋਰ ਵਿਅਕਤੀਆਂ ਨੇ ਇਸ ਮੌਕੇ ਸ਼ਮੂਲੀਅਤ ਕੀਤੀ।





# ਦੇਸ਼ ਭਗਤ ਗਲੋਬਲ ਸਕੂਲ

## ਵਿਖੇ ਆਯੋਜਿਤ ਕੀਤੀ ਗਈ ਇਕ ਰੋਜ਼ਾ ਇਨ ਹਾਊਸ ਪਿਕਨਿਕ/ਪੂਲ ਪਾਰਟੀ







**ਸ੍ਰੀ ਮੁਕਤਸਰ ਸਾਹਿਬ 12 ਜੁਲਾਈ (ਰਵੀਨਾ ਅਰੋੜਾ)** ਦੇਸ਼ ਭਗਤ ਕੈਂਪਸ, ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਅਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਇਕ ਰੋਜ਼ਾ ਇਨ ਹਾਊਸ ਪਿਕਨਿਕ/ਪੂਲ ਪਾਰਟੀ ਦਾ ਆਯੋਜਨ ਕੀਤਾ ਗਿਆ। ਇਹ ਪਾਰਟੀ ਸਕੂਲ ਪਾਰਕ 'ਚ ਮਨਾਈ ਗਈ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਨੇ ਹਿੱਸਾ ਲਿਆ। ਪਿਕਨਿਕ ਦੌਰਾਨ ਬੱਚਿਆਂ ਨੇ ਖੇਡਾਂ, ਨਾਚ-ਗੀਤ, ਅਤੇ ਖਾਣ-ਪੀਣ ਦਾ ਖੂਬ ਆਨੰਦ ਮਾਣਿਆ। ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨਾਲ ਮਿਲ ਕੇ ਵੱਖ-ਵੱਖ ਮਨੋਰੰਜਕ ਗਤੀਵਿਧੀਆਂ ਵਿੱਚ ਭਾਗ ਲਿਆ। ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਦੱਸਿਆ ਕਿ ਇਸ ਪਾਰਟੀ ਦਾ ਮੁੱਖ ਉਦੇਸ਼ ਬੱਚਿਆਂ ਨੂੰ ਪੜ੍ਹਾਈ ਤੋਂ ਇਲਾਵਾ ਮਨੋਰੰਜਨ ਅਤੇ ਆਤਮ-ਵਿਕਾਸ ਦੇ ਮੌਕੇ ਪ੍ਰਦਾਨ ਕਰਨਾ ਸੀ। ਇਸ ਮੌਕੇ ਡਾਕਟਰ ਜਿੰਦਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਪ੍ਰੋਗਰਾਮਾਂ ਰਾਹੀਂ ਬੱਚਿਆਂ ਵਿੱਚ ਸਮੂਹਕਤਾ, ਸਹਿਯੋਗ ਅਤੇ ਸਿੱਖਣ ਦੀ ਨਵੀਂ ਉਤਸ਼ਾਹਨਾ ਪੈਦਾ ਹੁੰਦੀ ਹੈ। ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਅਸੀਂ ਅੱਗੇ ਤੋਂ ਵੀ ਇਹੋ ਜਿਹੀਆਂ ਗਤੀਵਿਧੀਆਂ ਰਾਹੀ ਮਨੋਰੰਜਨ ਕਰਵਾ ਕੇ ਬੱਚਿਆਂ ਦਾ ਸਰਵਪੱਖੀ ਵਿਕਾਸ ਕਰਦੇ ਰਹਾਂਗੇ।

*ਪਾਰਟੀ ਦਾ ਮੁੱਖ ਉਦੇਸ਼ ਬੱਚਿਆਂ ਨੂੰ ਪੜ੍ਹਾਈ ਤੋਂ ਇਲਾਵਾ ਮਨੋਰੰਜਨ ਅਤੇ ਆਤਮ-ਵਿਕਾਸ ਦੇ ਮੌਕੇ ਪ੍ਰਦਾਨ ਕਰਨਾ - ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ*



# ਸੱਤਿਆ ਭਾਰਤੀ ਸਕੂਲ ਭੀਲੋਵਾਲ ਕੱਚਾ ਵਿਖੇ ਮੈਡੀਕਲ ਸਿਹਤ ਕੈਂਪ ਲਗਾਇਆ



**ਅੰਮ੍ਰਿਤਸਰ , 11 ਜੁਲਾਈ (ਸੋਨੂ ਨਰੂਲਾ)**- ਸੱਤਿਆ ਭਾਰਤੀ ਸਕੂਲ ਭੀਲੋਵਾਲ ਕੱਚਾ ਵਿਖੇ ਮੈਡੀਕਲ ਸਿਹਤ ਕੈਂਪ ਲਗਾਇਆ ਗਿਆ। ਇਹ ਕੈਂਪ ਡਾਕਟਰ ਸਤਨਾਮ ਸਿੰਘ ਦੁਆਰਾ ਲਗਾਇਆ ਗਿਆ। ਜਿਸ ਵਿੱਚ ਬੱਚਿਆਂ ਨੂੰ ਆਪਣੀ ਸਿਹਤ ਦੀ ਸਫਾਈ ਅਤੇ ਧਿਆਨ ਰੱਖਣ ਲਈ ਕਿਹਾ ਗਿਆ। ਬੱਚਿਆਂ ਦਾ ਹਰ ਸਾਲ ਵਾਂਗ ਚੈੱਕ ਅਪ ਕਰਵਾਇਆ ਗਿਆ ਤੇ ਬੱਚਿਆਂ ਨੂੰ ਨੁਕਸਾਨਦਾਇਕ ਖਾਣੇ ਤੋਂ ਮਨਾ ਕੀਤਾ ਗਿਆ। ਕੈਂਪ ਦੁਆਰਾ ਚੈੱਕ ਕੀਤੇ ਬੱਚਿਆਂ ਨੂੰ ਉਨ੍ਹਾਂ ਦੀ ਬਿਮਾਰੀ ਅਨੁਸਾਰ ਇਲਾਜ ਦੱਸਿਆ ਗਿਆ। ਇਸ ਮੌਕੇ ਡਾਕਟਰ ਸਤਨਾਮ ਸਿੰਘ ਅਤੇ ਆਸ਼ਾ ਵਰਕਰ ਅਮਰਜੀਤ ਕੌਰ ਸਕੂਲ ਮੁੱਖੀ ਜਸਵਿੰਦਰ ਕੌਰ ਅਤੇ ਬਾਕੀ ਅਧਿਆਪਕ ਸਾਹਿਬਾਨ ਸੰਦੀਪ ਕੌਰ, ਕੋਮਲ ਪ੍ਰੀਤ ਕੌਰ, ਕਮਲਦੀਪ ਕੌਰ, ਰਮਨਜੀਤ ਕੌਰ, ਦੀਕਸ਼ਾ ਸ਼ਰਮਾ ਨਵਜੋਤ ਕੌਰ ਮਹਿਕਪ੍ਰੀਤ ਕੌਰ ਆਦਿ ਸ਼ਾਮਿਲ ਸਨ।

# ਸਮਰਾਲਾ ਬਲਾਕ ਕਾਂਗਰਸ ਐਸ ਸੀਂ ਡਿਪਾਰਟਮੈਂਟ ਦੇ ਗੁਰਜੀਤ ਸਿੰਘ ਭੌਰਲਾ ਬਲਾਕ ਚੇਅਰਮੈਨ ਨਿਯੁਕਤ

**ਮਿਲੀ ਜਿੰਮੇਵਾਰੀ ਤਨਦੇਹੀ ਨਾਲ ਨਿਭਾਵਾਂਗੇ, ਨੌਜਵਾਨਾਂ ਨੂੰ ਪਾਰਟੀ ਦੇ ਨਾਲ ਜੋੜਾਂਗੇ**



**ਬੀਜਾ/ ਸਮਰਾਲਾ, 12 ਜੁਲਾਈ (ਲਾਲ ਸਿੰਘ ਮਾਂਗਟ)**- ਕਾਂਗਰਸ ਪਾਰਟੀ ਨੂੰ ਹੇਠਲੇ ਪੱਧਰ ਤੇ ਮਜਬੂਤ ਕਰਨ ਲਈ ਚਲਾਈ ਜਾ ਰਹੀ ਮਹਿਮ ਤਹਿਤ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਐਸ ਸੀ ਡਿਪਾਰਟਮੈਂਟ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਚੇਅਰਮੈਨ ਕੁਲਦੀਪ ਸਿੰਘ ਵੈਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਧਾਨ ਸਭਾ ਹਲਕਾ ਸਮਰਾਲਾ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਸਿਫਾਰਸ ਤੇ ਸਮਾਜ ਸੇਵਕ ਆਗੂ ਗੁਰਜੀਤ ਸਿੰਘ ਭੌਰਲਾ ਨੂੰ ਐਸ ਸੀ ਡਿਪਾਰਟਮੈਂਟ ਬਲਾਕ ਕਾਂਗਰਸ ਸਮਰਾਲਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਨਵ ਨਿਯੁਕਤ ਗੁਰਜੀਤ ਸਿੰਘ ਭੌਰਲਾ ਨੂੰ ਨਿਯੁਕਤੀ ਪੱਤਰ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਜਿਲਾ ਕਾਂਗਰਸ ਪ੍ਰਧਾਨ ਲਖਵੀਰ ਸਿੰਘ ਲੱਖਾ ਪਾਇਲ, ਹਲਕਾ ਸਮਰਾਲਾ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਬਲਵਿੰਦਰ ਸਿੰਘ ਬੰਬ ਚੇਅਰਮੈਨ ਐਸ ਸੀ ਡਿਪਾਰਟਮੈਂਟ ਜਿਲਾ ਕਾਂਗਰਸ ਕਮੇਟੀ ਖੰਨਾ ਵੱਲੋਂ ਦਿੱਤਾ ਗਿਆ। ਚੇਅਰਮੈਨ ਭੌਰਲਾ ਨੇਂ ਕਿਹਾ ਕਿ ਪਾਰਟੀ ਵੱਲੋ ਮਿਲੀ ਜਿੰਮੇਵਾਰੀ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ। ਨੌਜੁਆਨਾਂ ਨੂੰ ਪਾਰਟੀ ਦੇ ਨਾਲ ਜੋੜਨਾ ਲਈਂ ਹਰਤਰਾਂ ਦੇ ਸੰਭਵ ਯਤਨ ਕੀਤੇ ਜਾਣਗੇ।

ਇਸ ਮੌਕੇ ਤੇ ਗੁਰਜੀਤ ਸਿੰਘ ਭੌਰਲਾ ਨੂੰ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ ਨੇ ਵੀ ਵਧਾਈ ਦਿੱਤੀ ਅਤੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਵਧਾਈ ਦੇਣ ਵਾਲਿਆਂ ਵਿੱਚ ਆਬਜ਼ਰਵਰ ਰਜਿੰਦਰ ਸਿੰਘ ਲੱਖਾ ਰੌਣੀ , ਆਬਜ਼ਰਵਰ ਕਸਤੂਰੀ ਲਾਲ ਮਿੰਟੂ, ਆਬਜ਼ਰਵਰ ਐਡਵੋਕੇਟ ਜਸਪ੍ਰੀਤ ਸਿੰਘ ਕਲਾਲ ਮਾਜਰਾ ਜਰਨਲ ਸਕੱਤਰ ਪੰਚਾਇਤੀ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਪੰਜਾਬ, ਚੇਅਰਮੈਨ ਜਗਜੀਤ ਸਿੰਘ ਪ੍ਰਿਥੀਪੁਰ, ਬਲਾਕ ਪ੍ਰਧਾਨ ਅਜਮੇਰ ਸਿੰਘ ਪੂਰਬਾ, ਜਤਿੰਦਰ ਸਿੰਘ ਜੋਗਾ ਬਲਾਲਾ ਚੇਅਰਮੈਨ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਖੰਨਾ, ਕੌਸਲਰ ਰਾਜਿੰਦਰ ਸਿੰਘ ਗਹੀਰ, ਅਵਤਾਰ ਸਿੰਘ ਗੁਰਥਲੀ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਅਹੁਦੇਦਾਰ ਅਤੇ ਵਰਕਰਾਂ ਨੇ ਗੁਰਜੀਤ ਸਿੰਘ ਭੌਰਲਾ ਨੂੰ ਚੇਅਰਮੈਨ ਬਣਨ ਤੇ ਵਧਾਈ ਦਿੱਤੀ।

# ਨਵ ਨਿਯੁਕਤ ਹਲਕਾ ਇੰਚਾਰਜ ਸੌਨੀਆ ਮਾਨ 2027 ਦੇ ਵਿੱਚ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ : ਆਪ ਆਗੂ ਸੁਖਦੀਪ ਸਿੰਘ ਰੰਧਾਵਾ



**ਅੰਮ੍ਰਿਤਸਰ, 12 ਜੁਲਾਈ (ਸੋਨੂੰ ਨਰੂਲਾ)** ਮੈਡਮ ਸੋਨੀਆ ਮਾਨ ਜੀ ਪਿਛਲੇ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਦੇ ਆਪਣੀਆ ਸੇਵਾਵਾ ਨਿਭਾ ਰਹੀ ਮਿਹਨਤੀ ਅਤੇ ਜੁਝਾਰੂ ਆਗੂ ਸੋਨੀਆ ਮਾਣ ਦੀ ਮਿਹਨਤ ਦੇ ਸਦਕਾ ਉਹਨਾਂ ਨੂੰ ਹਲਕਾ ਰਾਜਾਸਾਂਸੀ ਦਾ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜਿਲਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਵਾੜਾ ਨੂਰੋਵਾਲ ਦੇ ਆਪ ਆਗੂ ਸੁਖਦੀਪ ਸਿੰਘ ਰੰਧਾਵਾ ਨੇ ਕੀਤਾ, ਇਸ ਮੌਕੇ ਤੇ ਆਪ ਆਗੂ ਸੁਖਦੀਪ ਸਿੰਘ ਰੰਧਾਵਾ ਜੀ ਦੇ ਵੱਲੋਂ ਨਵ ਨਿਯੁਕਤ ਹਲਕਾ ਇੰਚਾਰਜ ਸੌਨੀਆ ਮਾਨ ਜੀ ਨੂੰ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ ਗਿਆ ਅਤੇ ਵਧਾਈਆਂ ਦਿੱਤੀਆਂ ਗਈਆਂ, ਤੇ ਉਹਨਾਂ ਕਿਹਾ ਕਿ ਮੈਡਮ ਸੋਨੀਆ ਮਾਨ ਜੀ ਪਿਛਲੇ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਦੇ ਆਪਣੀਆ ਸੇਵਾਵਾ ਨਿਭਾ ਰਹੇ ਹਨ, ਓਹਨਾ ਦੀ ਮਿਹਨਤ ਨੂੰ ਅੱਜ ਬੂਰ ਪਿਆ ਹੈ, ਜੋ ਉਹਨਾਂ ਨੂੰ ਹਲਕਾ ਰਾਜਾਸਾਸੀ ਦਾ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ, ਆਪ ਆਗੂ ਸੁਖਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਸਾਨੂੰ ਯਕੀਨ ਹੈ ਕਿ ਸੋਨੀਆ ਮਾਨ ਜੀ ਹਲਕਾ ਰਾਜਾਸਾਸੀ ਦੇ ਪਿੰਡਾਂ ਦੇ ਵਿੱਚ ਵੱਧ ਤੋਂ ਵੱਧ ਵਿਕਾਸ ਕਾਰਜ ਕਰਵਾਉਣਗੇ, ਅਤੇ 2027 ਦੇ ਵਿੱਚ ਹਲਕਾ ਰਾਜਾਸਾਸੀ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ।

# ਭਗਤਾ ਭਾਈ ਦੇ ਅਕਾਲੀ ਵਰਕਰਾਂ ਵੱਲੋਂ ਸਾਬਕਾ ਮੰਤਰੀ ਮਲੂਕਾ ਦਾ ਸਨਮਾਨ

**ਭਗਤਾ ਭਾਈ, 12 ਜੁਲਾਈ (ਰਾਜਿੰਦਰ ਸਿੰਘ ਮਰਾਹੜ)**- ਦਿੱਲੀ ਦੇ ਨਕਾਰੇ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਅਸਿੱਧੇ ਤੌਰ 'ਤੇ ਪੰਜਾਬ ਸਰਕਾਰ 'ਤੇ ਪੂਰੀ ਤਰ੍ਹਾਂ ਕਬਜਾ ਕੀਤਾ ਹੋਇਆ ਹੈ ਅਤੇ ਉਹ ਪੰਜਾਬ ਵਿੱਚ ਆਪਣੀ ਮਰਜ਼ੀ ਦੇ ਫੈਸਲੇ ਲਾਗੂ ਕਰਵਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸਿਕੰਦਰ ਸਿੰਘ ਮਲੂਕਾ ਨੇ ਕਸਬਾ ਭਗਤਾ ਭਾਈ ਵਿਖੇ ਸਰਕਲ ਪ੍ਰਧਾਨ ਜਗਮੋਹਨ ਲਾਲ ਭਗਤਾ ਦੇ ਘਰ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਬਦਲਾ ਲਊ ਭਾਵਨਾ ਤਹਿਤ ਵਿਰੋਧੀਆਂ ਖਿਲਾਫ਼ ਕਾਰਵਾਈ ਕਰ ਰਹੀ ਹੈ ਅਤੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕੀਤੀ ਗਈ ਕਾਰਵਾਈ ਵੀ ਇਸੇ ਭਾਵਨਾ ਦਾ ਇਕ ਹਿੱਸਾ ਹੈ। ਇਸ ਮੌਕੇ ਇਕੱਤਰ ਅਕਾਲੀ ਆਗੂਆਂ ਅਤੇ ਵਰਕਰਾਂ ਨੇ ਸ. ਮਲੂਕਾ ਨੂੰ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਅਤੇ ਸੀਨੀਅਰ ਮੀਤ ਪ੍ਰਧਾਨ ਬਣਨ 'ਤੇ ਸ. ਮਲੂਕਾ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਸਰਕਲ ਭਗਤਾ ਭਾਈ ਦੇ ਪ੍ਰਧਾਨ ਜਗਮੋਹਨ ਲਾਲ ਗਰਗ, ਰਾਕੇਸ ਕੁਮਾਰ ਗੋਇਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਭਗਤਾ, ਡਾ. ਪ੍ਰਨੀਤ ਕੌਰ ਦਿਉਲ, ਸਾਬਕਾ ਚੇਅਰਮੈਨ ਗਗਨਦੀਪ ਸਿੰਘ ਗਰੇਵਾਲ, ਮਨਜੀਤ ਸਿੰਘ ਧੁੰਨਾ, ਸਰਕਲ ਮਲੂਕਾ ਦੇ ਪ੍ਰਧਾਨ ਡਾ. ਜਸਪਾਲ ਸਿੰਘ ਦਿਆਲਪੁਰਾ, ਡਾ. ਪੂਰਨ ਸਿੰਘ ਭਗਤਾ, ਡਾ. ਬਲਜੀਤ ਸਿੰਘ ਦਿਉਲ, ਸੁਖਜਿੰਦਰ ਸਿੰਘ ਖਾਨਦਾਨ, ਹਰਦੇਵ ਸਿੰਘ ਗੋਗੀ ਬਰਾੜ, ਜਸਪਾਲ ਸਿੰਘ ਵੜਿੰਗ, ਰਘਵੀਰ ਸਿੰਘ ਕਾਕਾ, ਸੁਖਜਿੰਦਰ ਸਿੰਘ ਖਹਿਰਾ, ਕੌਂਸਲਰ ਗੁਰਚਰਨ ਸਿੰਘ ਪੁਰੀ, ਸਤਵਿੰਦਰਪਾਲ ਸਿੰਘ ਪਿੰਦਰ, ਸੇਮੀ ਭਾਈ ਰੂਪਾ, ਬਲੌਰ ਸਿੰਘ ਕਾਂਗੜ, ਅਮਨਦੀਪ ਸਿੰਘ ਬੁਰਜ ਲੱਧਾ, ਸਾਬਕਾ ਸਰਪੰਚ ਲਖਵੀਰ ਸਿੰਘ ਮੌੜ, ਰਣਧੀਰ ਸਿੰਘ ਧੀਰਾ, ਸਾਬਕਾ ਸਰਪੰਚ ਸ਼ੁੱਕਰ ਸਿੰਘ ਭੋਡੀਪੁਰਾ, ਦਲਜੀਤ ਸਿੰਘ ਭਗਤਾ, ਟੀਨਾ ਗਰਗ ਭਗਤਾ, ਜੀਤ ਰਾਮ ਗੋਇਲ, ਇੰਦਰਜੀਤ ਸਿੰਘ ਬਿੱਟੂ ਖਾਨਦਾਨ, ਸੁਰਿੰਦਰ ਭੁੱਟੋ, ਪ੍ਰਿੰਸੀਪਲ ਹੰਸ ਸਿੰਘ ਸੋਹੀ, ਜਰਨੈਲ ਸਿੰਘ ਭੋਡੀਪੁਰਾ, ਸੁਖਮੰਦਰ ਸਿੰਘ ਸਹੋਤਾ, ਸਾਬਕਾ ਸਰਪੰਚ ਜੀਤ ਸਿੰਘ ਸਲਾਬਤਪੁਰਾ ਸਮੇਤ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਹਾਜ਼ਰ ਸਨ।



# ਗੁਰੂ ਨਾਨਕ ਬਗੀਚੀ ਪ੍ਰੋਗਰਾਮ ਤਹਿਤ ਬੂਟੇ ਲਾਏ ਗਏ



**ਮਾਛੀਵਾੜਾ ਸਾਹਿਬ 12 ਜੁਲਾਈ (ਮਾਸਟਰ ਸਤੀਸ਼ ਕੁਮਾਰ)** ਸਿਵਲ ਸਰਜਨ ਲੁਧਿਆਣਾ ਡਾ ਰਮਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ ਜਸਦੇਵ ਸਿੰਘ ਦੀ ਅਗਵਾਈ ਹੇਠ ਸਰਕਾਰ ਵਲੋਂ ਚਲਾਏ ਗਏ ਪ੍ਰੋਗਰਾਮ ਗੁਰੂ ਨਾਨਕ ਬਗੀਚੀ ਤਹਿਤ ਸਿਹਤ ਬਲਾਕ ਮਾਛੀਵਾੜਾ ਸਾਹਿਬ ਵਿੱਚ ਬੂਟੇ ਲਾਏ ਗਏ। ਐਸ. ਐਮ. ਓ. ਡਾ ਜਸਦੇਵ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਸਰਕਾਰੀ ਨਰਸਰੀ ਤੋਂ ਸਾਨੂੰ 250 ਬੂਟੇ ਮਿਲੇ ਜਿਨ੍ਹਾਂ ਨੂੰ ਲਾਉਣ ਅਤੇ ਸੰਭਾਲਣ ਦੀ ਨੈਤਿਕ ਜਿੰਮੇਵਾਰੀ ਸਾਡੀ ਸਭ ਦੀ ਹੈ, ਜਿਸ ਨਾਲ ਸਾਨੂੰ ਹੋਰ ਵੀ ਵੱਧ ਅਤੇ ਸਾਫ਼ ਹਵਾ ਮਿਲ ਸਕੇ। ਪਰਦੀਪ ਸਿੰਘ ਬਲਾਕ ਐਜੂਕੇਟਰ ਨੇ ਕਿਹਾ ਕਿ ਬੂਟੇ ਲਾਉਣਾ ਬਹੁਤ ਹੀ ਚੰਗਾ ਹੁੰਦਾ ਹੈ ਇਸ ਲਈ ਸਾਨੂੰ ਸਭ ਨੂੰ ਬੂਟੇ ਲਾਉਣੇ ਚਾਹੀਦੇ ਹਨ। ਮਨਜੀਤ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਮੇਲ ਵਲੋਂ ਬੂਟੇ ਲਾਉਣ ਦੀ ਮੁਹਿੰਮ ਦੌਰਾਨ ਬਹੁਤ ਹੀ ਸ਼ਲਾਘਾ ਯੋਗ ਭੂਮਿਕਾ ਨਿਭਾਈ ਗਈ। ਇਸ ਮੌਕੇ ਗੁਰਪ੍ਰੀਤ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਮੇਲ, ਲਖਬੀਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਮੇਲ, ਸਰਬਜੀਤ ਸਿੰਘ ਬੀ ਐਸ ਏ,ਮਨਿੰਦਰ ਸਿੰਘ ਕੰਪਿਊਟਰ ਓਪਰੇਟਰ ਤੋਂ ਮਨਜੀਤ ਕੌਰ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਐਸ ਬੀ ਆਈ ਬੈਂਕ ਪਟਿਆਲਾ ਟਰੇਨਿੰਗ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ



**ਪਟਿਆਲਾ, 12 ਜੁਲਾਈ (ਮਾਲਵਾ ਬਾਣੀ)** -ਆਰ ਸੈਟੀ ਐਸ ਬੀ ਆਈ ਬੈਂਕ ਪਟਿਆਲਾ ਡਰਾਇਕਟਰ ਭਗਵਾਨ ਸਿੰਘ ਵਰਮਾ ਨੇ ਛੇ ਦਿਨ ਦੀ ਟਰੇਨਿੰਗ ਕੈਂਪ ਦੀ ਸਮਾਪਤੀ ਦੌਰਾਨ ਵਿਦਿਆਰਥੀਆ ਨੂੰ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਹਰਬਲ ਕੋਰਸ ਦੀ ਸਿਖਲਾਈ ਸਾਨੂੰ ਸੁਖਦੀਪ ਕੌਰ ਦੁੱਗਲ ਜੀ ਦੇ ਰਹੇ ਹਨ ।ਇਸ ਕੋਰਸ ਦੇ ਨਾਲ ਵਿਦਿਆਰਥੀਆਂ ਨੂੰ ਗੀਤ,ਗ਼ਜ਼ਲ, ਪੰਜਾਬੀ ਸੱਭਿਆਚਾਰ ਪ੍ਰਤੀ ਜਾਗਰੂਕ ਕੀਤਾ ਗਿਆ। ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਰਜਿ ਸੰਦੀਪ ਕੋਟੀ ਦੀ ਟੀਮ ਵੱਲੋਂ ਵਿਦਿਆਰਥੀਆਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ ।ਇਸ ਪ੍ਰੋਗਰਾਮ ਵਿਚ ਮੁੱਖ ਬੁਲਾਰੇ ਬੁੱਧ ਸਿੰਘ ਸੰਧਨੋਲੀ ਸਰਪੰਚ ਜਸਵਿੰਦਰ ਕੌਰ ਭੁੱਲਰ ਬਲਕਾਰ ਸਿੰਘ ਰੈਸਲ ਨੇ ਉਚੇਚੇ ਤੌਰ ਤੇ ਆਪਣੀ ਹਾਜ਼ਰੀ ਲਗਵਾਈ ਅਤੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਅਤੇ ਵੱਖ ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ ।ਇਸ ਮੌਕੇ ਸਾਡੇ ਨਾਲ ਆਨਾਇਤ ਅਲੀ, ਗੁਰਜੀਤ ਗਿੱਲ, ਗੁਰਮੀਤ ਕੌਰ, ਨੀਟੂ ਸ਼ਰਮਾ, ਸਤਿਗੁਰੂ ਸਿੰਘ, ਸਤਨਾਮ ਸਿੰਘ ਪੱਤਰਕਾਰ, ਬਲਜਿੰਦਰ ਸਿੰਘ, ਜਸਵਿੰਦਰ ਸਿੰਘ,ਜੂਲੀ ਸਰਮਾ, ਹਰਿੰਦਰ ਕੌਰ, ਮਨਜੋਤ ਕੌਰ, ਕ੍ਰਿਸ਼ਨ ਸਰਮਾ ਕੁਲਵਿੰਦਰ ਕੌਰ ਦੀਪੂ ਆਦਿ ਹਾਜ਼ਰ ਸਨ।

# ਨਵ ਨਿਯੁਕਤ ਬਿਸਪ ਜੋਸ ਸੇਬਾਸਟੀਅਨ ਨੂੰ ਸਨਮਾਨਿਤ ਕੀਤਾ




**ਅੰਮ੍ਰਿਤਸਰ, 12 ਜੁਲਾਈ (ਸੋਨੂ ਨਰੂਲਾ)**- ਅੱਜ ਜਲੰਧਰ ਡਾਇਉਸੀਸ ਦੇ ਨਵ ਨਿਯੁਕਤ ਬਿਸਪ ਜੋਸ ਸੇਬਾਸਟੀਅਨ ਜੀ ਨੂੰ ਸਨਮਾਨਿਤ ਕਰਨ ਮੌਕੇ ਪਿੰਡ ਅਵਾਨ ਲੱਖਾਂ ਸਿੰਘ ਦੇ ਸਰਪੰਚ ਅਲਿਆਸ ਮਸੀਹ ਇਸ ਮੌਕੇ ਤੇ ਫਾਦਰ ਜੇਮਸ ਚਾਕੋ, ਫਾਦਰ ਡੈਨਿਸ, ਫਾਦਰ ਅਸ਼ੋਕ ਪੌਲ, ਫਾਦਰ ਜੈਕਬ ਜੌਨ, ਫਾਦਰ ਜੌਸਫ ਟੀ. ਜੇ,ਫਾਦਰ ਜੌਸ ਇਲੀਕਲ, ਫਾਦਰ ਜੌਸਫ, ਫਾਦਰ ਵਿਲੀਅਮ ਸਹੋਤਾ ਆਦਿ ਹਾਜਰ ਸਨ।

# ਸਰਪੰਚਾਂ ਅਤੇ ਪੰਚਾਂ ਦੀਆਂ ਖ਼ਾਲੀ ਅਸਾਮੀਆਂ ਲਈ ਚੋਣਾਂ ਦੀ ਸਮਾਂ-ਸਾਰਣੀ ਦਾ ਐਲਾਨ, ਨਾਮਜ਼ਦਗੀਆਂ 14 ਜੁਲਾਈ ਨੂੰ ਸ਼ੁਰੂ ਹੋਣਗੀਆਂ, ਵੋਟਾਂ 27 ਜੁਲਾਈ ਨੂੰ

**ਅੰਮ੍ਰਿਤਸਰ, 12 ਜੁਲਾਈ (ਸੋਨੂੰ ਨਰੂਲਾ)** ਰਾਜ ਚੋਣ ਕਮਿਸ਼ਨ ਨੇ ਚੋਣ ਸ਼ਡਿਊਲ ਦਾ ਐਲਾਨ ਅਨੁਸਾਰ ਜ਼ਿਲ੍ਹੇ ਵਿੱਚ 10 ਸਰਪੰਚਾਂ ਅਤੇ 104 ਪੰਚਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਚੋਣਾਂ 27 ਜੁਲਾਈ ਨੂੰ ਹੋਣਗੀਆਂ। ਇਸ ਦੇ ਨਾਲ ਹੀ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਚੋਣ ਸ਼ਡਿਊਲ ਅਨੁਸਾਰ ਨਾਮਜ਼ਦਗੀਆਂ ਦਾਖਲ ਕਰਨ ਦੀ ਪ੍ਰਕਿਰਿਆ 14 ਜੁਲਾਈ ਤੋਂ ਸ਼ੁਰੂ ਹੋਵੇਗੀ ਅਤੇ 17 ਜੁਲਾਈ ਆਖਰੀ ਮਿਤੀ ਹੋਵੇਗੀ। ਨਾਮਜ਼ਦਗੀਆਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਆਪਣੇ ਆਪਣੇ ਬਲਾਕ ਦਫਤਰ ਵਿੱਚ ਦਾਖਲ ਕੀਤੀਆਂ ਜਾ ਸਕਦੀਆਂ ਹਨ। ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਜੁਲਾਈ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ ਹੈ।

ਪੋਲਿੰਗ 27 ਜੁਲਾਈ ਨੂੰ ਹੋਵੇਗੀ। ਵੋਟਿੰਗ ਪੂਰੀ ਹੋਣ ਤੋਂ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਦੀ ਗਿਣਤੀ ਉਸੇ ਦਿਨ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਾਮਜ਼ਦਗੀ ਪ੍ਰਕਿਰਿਆ, ਪੋਲਿੰਗ ਅਤੇ ਗਿਣਤੀ ਦੀ ਵੀਡੀਓਗ੍ਰਾਫੀ ਯਕੀਨੀ ਬਣਾਈ ਜਾਵੇਗੀ।

# ਐੱਸ.ਐੱਸ.ਪੀ. ਨੇ ਦਸਮੇਸ਼ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ ਨਾਲ ਖੁੱਲੇ ਮੰਚ 'ਤੇ ਕੀਤਾ ਸੰਵਾਦ, ਵਿਦਿਆਰਥੀਆਂ ਨੇ ਨਸ਼ਿਆਂ ਅਤੇ ਸਮਾਜਿਕ ਚੁਣੌਤੀਆਂ ਸਬੰਧੀ ਖੁੱਲ੍ਹ ਕੇ ਸਾਂਝੇ ਕੀਤੇ ਆਪਣੇ ਵਿਚਾਰ

**ਨਸ਼ੇ ਵਿਰੁੱਧ ਜੰਗ ਸਿਰਫ਼ ਕਾਨੂੰਨੀ ਪੱਧਰ ਦੀ ਲੜਾਈ ਨਹੀਂ, ਸਗੋਂ ਇੱਕ ਸਮਾਜਿਕ ਜ਼ਿੰਮੇਵਾਰੀ ਵੀ ਹੈ : ਐਸ.ਐਸ.ਪੀ.**









**ਕੋਟਕਪੂਰਾ, 12 ਜੁਲਾਈ (ਟਿੰਕੂ ਕੁਮਾਰ)** :- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰਾਜ 'ਚੋਂ ਨਸ਼ੇ ਦਾ ਸਮੂਲ ਨਾਸ਼ ਕਰਨ ਲਈ ਦ੍ਰਿੜ ਸੰਕਲਪਿਤ ਹੈ। ਗੌਰਵ ਯਾਦਵ ਦੀਆਂ ਹਦਾਇਤਾਂ ਮੁਤਾਬਿਕ, ਡਾ. ਪ੍ਰਗਿਆ ਜੈਨ ਐਸ.ਐਸ.ਪੀ. ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਦੀ ਜਾ ਰਹੀ ਹੈ। ਇਸ ਦੇ ਨਾਲ ਹੀ ਲਗਾਤਾਰ ਪਬਲਿਕ ਦੀ ਇਸ ਮੁਹਿੰਮ ਵਿੱਚ ਭਾਗੀਦਾਰੀ ਸੁਨਿਸਚਿਤ ਕਰਨ ਹਿੱਤ ਲਗਾਤਾਰ ਪਿੰਡਾ, ਸਕੂਲਾਂ, ਕਾਲਜਾਂ ਅਤੇ ਪਬਲਿਕ ਥਾਵਾਂ 'ਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਅੱਜ ਦਸ਼ਮੇਸ਼ ਪਬਲਿਕ ਸਕੂਲ, ਕੋਟਕਪੂਰਾ ਵਿਖੇ ਇੱਕ ਵਿਸ਼ੇਸ਼ ਸੰਪਰਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਵਿੱਚ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾ ਅਤੇ ਕੋਟਕਪੂਰਾ ਸ਼ਹਿਰ ਦੇ ਮੋਹਤਵਾਰ ਸਖਸ਼ੀਅਤਾ ਨੇ ਸ਼ਿਰਕਤ ਕੀਤੀ। ਇਸ ਦੌਰਾਨ ਨਸ਼ਿਆ ਖਿਲਾਫ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਨਾਟਕ ਦਾ ਆਯੋਜਨ ਵੀ ਕੀਤਾ ਗਿਆ। ਜਿਸ ਵਿੱਚ ਨਸ਼ਿਆ ਦੇ ਮਾੜੇ ਪ੍ਰਭਾਵਾ ਬਾਰੇ ਬਹੁਤ ਹੀ ਵਧੀਆ ਤਰੀਕੇ ਨਾਲ ਜਾਗਰੂਕ ਕੀਤਾ ਗਿਆ। ਇਸ ਦੌਰਾਨ ਡਾ. ਪ੍ਰਗਿਆ ਜੈਨ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਗਿਆ ਕਿ "ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਫਰੀਦਕੋਟ ਪੁਲਿਸ ਵੱਲੋਂ ਲਗਾਤਾਰ ਤੇ ਦ੍ਰਿੜ ਨੀਤੀ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ। ਸਾਨੂੰ ਸਮਝਣਾ ਹੋਵੇਗਾ ਕਿ ਨਸ਼ੇ ਵਿਰੁੱਧ ਜੰਗ ਸਿਰਫ਼ ਕਾਨੂੰਨੀ ਪੱਧਰ ਦੀ ਲੜਾਈ ਨਹੀਂ, ਸਗੋਂ ਇੱਕ ਸਮਾਜਿਕ ਜਿੰਮੇਵਾਰੀ ਵੀ ਹੈ, ਜਿਸ ਵਿੱਚ ਹਰ ਨਾਗਰਿਕ ਅਤੇ ਖਾਸ ਤੌਰ ਤੇ ਨੌਜਵਾਨ ਅਤੇ ਵਿਦਿਆਰਥੀ ਵਰਗ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ, ਇਸੇ ਉਦੇਸ਼ ਹੇਠ ਅਸੀਂ ਸਕੂਲਾਂ, ਕਾਲਜਾਂ ਅਤੇ ਪਿੰਡਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਖਤਰੇ ਬਾਰੇ ਜਾਗਰੂਕ ਕਰ ਰਹੇ ਹਾਂ। ਇਸ ਦੇ ਨਾਲ ਹੀ ਉਹਨਾਂ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ "ਜੇਕਰ ਉਹ ਨਸ਼ਾ ਤਸਕਰੀ ਜਾਂ ਸਮਾਜ ਵਿਰੋਧੀ ਤੱਤਾਂ ਦੀ ਕੋਈ ਵੀ ਜਾਣਕਾਰੀ ਰੱਖਦੇ ਹਨ, ਤਾਂ ਬਿਨਾ ਝਿਜਕ ਤੁਰੰਤ ਪੁਲਿਸ ਨਾਲ ਸਾਂਝੀ ਕਰਨ। ਤੁਹਾਡਾ ਇੱਕ ਕਦਮ ਕਈ ਜਿੰਦਗੀਆਂ ਬਚਾ ਸਕਦਾ ਹੈ। ਮਿਲਕੇ ਹੀ ਅਸੀਂ ਨਸ਼ਾ ਮੁਕਤ ਤੇ ਸੁਰੱਖਿਅਤ ਫਰੀਦਕੋਟ ਦੀ ਰਚਨਾ ਕਰ ਸਕਦੇ ਹਾਂ। ਇਸ ਦੌਰਾਨ ਵਿਦਿਆਰਥੀਆਂ ਨੇ ਨਸ਼ਿਆਂ, ਘਰੇਲੂ ਹਿੰਸਾ ਅਤੇ ਨਿੱਜੀ ਜੀਵਨ ਵਿੱਚ ਆ ਰਹੀਆਂ ਸਮੱਸਿਆਵਾਂ ਸਬੰਧੀ ਖੁੱਲ ਕੇ ਗੱਲਬਾਤ ਕੀਤੀ। ਡਾ. ਪ੍ਰਗਿਆ ਜੈਨ ਵੱਲੋਂ ਵਿਦਿਆਰਥੀਆਂ ਦੀਆਂ ਚਿੰਤਾਵਾਂ ਨੂੰ ਧਿਆਨ ਨਾਲ ਸੁਣ ਕੇ ਸੁਝਾਅ ਵੀ ਦਿੱਤੇ ਗਏ। ਉਨ੍ਹਾਂ ਨੇ ਇਹ ਵੀ ਯਕੀਨ ਦਿਵਾਇਆ ਕਿ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਪੁਲਿਸ ਦੀ ਪ੍ਰਾਥਮਿਕਤਾ ਹੈ। ਸਮਾਗਮ ਦੌਰਾਨ ਉਘੇ ਸਮਾਜਸੇਵੀ ਉਦੇ ਰੰਦੇਵ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਨਸ਼ਿਆਂ ਵਿਰੁੱਧ ਲੜਾਈ ਵਿੱਚ ਜਨਤਾ ਦੀ ਭੂਮਿਕਾ ਨੂੰ ਅਹਿਮ ਦੱਸਿਆ। ਉਨ੍ਹਾਂ ਕਿਹਾ ਕਿ ਜਿੱਥੇ ਪੁਲਿਸ ਪੱਧਰ 'ਤੇ ਸਖਤ ਕਦਮ ਲਏ ਜਾ ਰਹੇ ਹਨ, ਉਥੇ ਹੀ ਜਨਤਕ ਸਹਿਯੋਗ ਅਤੇ ਜਾਗਰੂਕਤਾ ਇਸ ਮੁਹਿੰਮ ਨੂੰ ਹੋਰ ਤਾਕਤ ਦੇ ਸਕਦੀ ਹੈ। ਇਸ ਮੌਕੇ ਦਸ਼ਮੇਸ਼ ਪਬਲਿਕ ਸਕੂਲ ਦੇ ਪ੍ਰਿੰਸੀਪਲ ਸੁਰਿੰਦਰਪਾਲ ਸਿੰਘ ਵੱਲੋਂ ਡਾ. ਪ੍ਰਗਿਆ ਜੈਨ ਦਾ ਵਿਦਿਆਰਥੀਆਂ ਨਾਲ ਸੰਵਾਦ ਕਰਨ ਅਤੇ ਉਨ੍ਹਾਂ ਨੂੰ ਨਸ਼ਿਆਂ ਦੇ ਖਤਰਨਾਕ ਪ੍ਰਭਾਵਾਂ ਤੋਂ ਸਾਵਧਾਨ ਕਰਨ ਲਈ ਧੰਨਵਾਦ ਕੀਤਾ ਗਿਆ। ਇਸ ਸਮਾਗਮ ਦੌਰਾਨ ਮਨਵਿੰਦਰ ਬੀਰ ਸਿੰਘ ਐਸ.ਪੀ. (ਸਥਾਨਕ) ਫਰੀਦਕੋਟ, ਜਤਿੰਦਰ ਸਿੰਘ ਡੀ.ਐਸ.ਪੀ (ਸਬ-ਡਵੀਜ਼ਨ) ਕੋਟਕਪੂਰਾ, ਥਾਣੇਦਾਰ ਚਮਕੌਰ ਸਿੰਘ (ਮੁੱਖ ਅਫਸਰ, ਥਾਣਾ ਸਿਟੀ ਕੋਟਕਪੂਰਾ) ਅਤੇ ਸਾਂਝ ਸਟਾਫ ਦੇ ਮੈਂਬਰ ਵੀ ਮੌਜੂਦ ਰਹੇ।